


WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo   By: Mangat Media Group




Vol-1   Issue - 18   16 October to 22 October 2026   Email: bcpunjabinews@gmail.com   Website: www.bcpunjabinews.ca   Phone: +1 604 750 4259




## ਕੈਨੇਡਾ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਅਮਰੀਕਾ

# ਕਾਰਨੀ ਵੱਲੋਂ ਅਲਬਰਟਾ ਵਾਸੀਆਂ ਨੂੰ ਵੱਖਵਾਦ ਤੋਂ ਦੂਰ ਰਹਿਣ ਦੀ ਅਪੀਲ

### ਬਾਹਰੀ ਤਾਕਤਾਂ ਦੇਸ਼ ਨੂੰ ਕਮਜ਼ੋਰ ਕਰ ਰਹੀਆਂ ਹਨ: ਕਾਰਨੀ; ਅਲਬਰਟਾ ਦੀਆਂ ਸ਼ਿਕਾਇਤਾਂ ਦੂਰ ਕਰਨ ਅਤੇ ਕੌਮੀ ਏਕਤਾ ਕਾਇਮ ਰੱਖਣ ’ਤੇ ਦਿੱਤਾ ਜ਼ੋਰ




**ਕੈਲਗਰੀ (ਅਲਬਰਟਾ)–** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਲਬਰਟਾ ਸੂਬੇ ਵਿੱਚ ਵੱਖਵਾਦ ਦੇ ਮੁੱਦੇ ’ਤੇ ਹੋਣ ਵਾਲੀ ਵੋਟਿੰਗ ਤੋਂ ਪਹਿਲਾਂ ਅਮਰੀਕਾ ’ਤੇ ਕੈਨੇਡਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰਨ ਦਾ ਦੋਸ਼ ਲਾਇਆ ਹੈ। ਕੈਲਗਰੀ ਵਿੱਚ ਕੈਨੇਡਾ ਦੀ ਏਕਤਾ ਦੇ ਹੱਕ ਵਿੱਚ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਅਲਬਰਟਾ ਵਾਸੀਆਂ ਨੂੰ ਦੇਸ਼ ਤੋਂ ਵੱਖ ਹੋਣ ਦੀ ਪ੍ਰਕਿਰਿਆ ਦਾ ਸਮਰਥਨ ਨਾ ਕਰਨ ਦੀ ਅਪੀਲ ਕੀਤੀ।

ਕਾਰਨੀ ਨੇ ਕਿਹਾ ਕਿ ਅੱਜ ਦੁਨੀਆ ਪਹਿਲਾਂ ਨਾਲੋਂ ਵਧੇਰੇ ਖ਼ਤਰਨਾਕ ਅਤੇ ਵੰਡੀ ਹੋਈ ਹੈ। ਅਜਿਹੇ ਸਮੇਂ ਦੇਸ਼ ਦੀ ਏਕਤਾ ਨੂੰ ਕਮਜ਼ੋਰ ਕਰਨ ਵਾਲੇ ਕਦਮ ਚੁੱਕਣਾ ਠੀਕ ਨਹੀਂ। ਉਨ੍ਹਾਂ ਮੰਨਿਆ ਕਿ ਸੰਘੀ ਸਰਕਾਰ ਦੀਆਂ ਪੁਰਾਣੀਆਂ ਨੀਤੀਆਂ ਕਾਰਨ ਅਲਬਰਟਾ ਦੇ ਲੋਕਾਂ ਵਿੱਚ ਨਾਰਾਜ਼ਗੀ ਪੈਦਾ ਹੋਈ ਹੈ, ਪਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੈਨੇਡਾ ਦੇ ਅੰਦਰ ਰਹਿ ਕੇ ਵੀ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਪ੍ਰਸ਼ਾਂਤ ਮਹਾਸਾਗਰ ਤੱਕ ਤੇਲ ਪਾਈਪਲਾਈਨ ਬਣਾਉਣ ਦੀ ਯੋਜਨਾ ਨੂੰ ਅੱਗੇ ਵਧਾ ਰਹੀ ਹੈ। ਇਸ ਪ੍ਰਾਜੈਕਟ ਤੋਂ ਇੱਕ ਲੱਖ ਚਾਲੀ ਹਜ਼ਾਰ ਤੋਂ ਵੱਧ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ ਅਤੇ ਅਮਰੀਕਾ ’ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

ਦੂਜੇ ਪਾਸੇ, ਵੱਖਵਾਦੀ ਆਗੂਆਂ ਦਾ ਕਹਿਣਾ ਹੈ ਕਿ ਵੱਖ ਹੋਣ ਬਾਰੇ ਵੋਟਿੰਗ ਨਾਲ ਅਲਬਰਟਾ ਨੂੰ ਓਟਾਵਾ ਨਾਲ ਗੱਲਬਾਤ ਵਿੱਚ ਵਧੇਰੇ ਤਾਕਤ ਮਿਲੇਗੀ। ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਵੋਟਿੰਗ ਦਾ ਸਮਰਥਨ ਕੀਤਾ ਹੈ, ਪਰ ਖ਼ੁਦ ਕੈਨੇਡਾ ਨਾਲ ਰਹਿਣ ਦੇ ਹੱਕ ਵਿੱਚ ਵੋਟ ਪਾਈ ਹੈ।

ਇਹ ਵੋਟਿੰਗ ਸਿੱਧੇ ਤੌਰ ’ਤੇ ਆਜ਼ਾਦੀ ਦਾ ਫ਼ੈਸਲਾ ਨਹੀਂ ਕਰੇਗੀ, ਸਗੋਂ ਇਸ ਰਾਹੀਂ ਇਹ ਤੈਅ ਹੋਵੇਗਾ ਕਿ ਭਵਿੱਖ ਵਿੱਚ ਵੱਖ ਹੋਣ ਬਾਰੇ ਰਸਮੀ ਜਨਮਤ ਸੰਗ੍ਰਹਿ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ ਜਾਂ ਨਹੀਂ। ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਸਬੰਧੀ ਦਿੱਤੇ ਬਿਆਨਾਂ ਅਤੇ ਵਪਾਰਕ ਦਬਾਅ ਕਾਰਨ ਦੇਸ਼ ਦੀ ਏਕਤਾ ਦਾ ਮੁੱਦਾ ਹੋਰ ਅਹਿਮ ਬਣ ਗਿਆ ਹੈ।

## ਭਾਰਤ-ਕੈਨੇਡਾ ਸਬੰਧਾਂ ਨੂੰ ਨਵੀਂ ਦਿਸ਼ਾ ਦੇਣ ਦੀ ਤਿਆਰੀ; 23 ਦਸੰਬਰ ਨੂੰ ਕੈਨੇਡਾ ਜਾਣਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

### ਮਾਰਕ ਕਾਰਨੀ ਨੇ ਮੋਦੀ ਦੇ ਦੌਰੇ ਦੀ ਕੀਤੀ ਪੁਸ਼ਟੀ; ਟੋਰਾਂਟੋ ਅਤੇ ਓਟਵਾ ਤੋਂ ਇਲਾਵਾ ਹੋਰ ਸ਼ਹਿਰਾਂ ਨੂੰ ਵੀ ਦੌਰੇ ਵਿੱਚ ਸ਼ਾਮਲ ਕਰਨ ਬਾਰੇ ਹੋ ਸਕਦੀ ਹੈ ਚਰਚਾ



**ਓਟਵਾ –** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 23 ਦਸੰਬਰ ਨੂੰ ਕੈਨੇਡਾ ਦੇ ਦੌਰੇ ’ਤੇ ਜਾਣਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਦੌਰੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੋਦੀ ਟੋਰਾਂਟੋ ਅਤੇ ਓਟਵਾ ਦਾ ਦੌਰਾ ਕਰਨਗੇ। ਇਸ ਤੋਂ ਇਲਾਵਾ ਦੌਰੇ ਦੌਰਾਨ ਹੋਰ ਸ਼ਹਿਰਾਂ ਨੂੰ ਸ਼ਾਮਲ ਕਰਨ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਇਹ ਦੌਰਾ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਅਤੇ ਕੂਟਨੀਤਕ ਸਬੰਧਾਂ ਨੂੰ ਮੁੜ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਭਾਰਤ ਅਤੇ ਕੈਨੇਡਾ ਇਸ ਸਾਲ ਦੇ ਅੰਤ ਤੱਕ ਵਪਾਰਕ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਯਤਨਸ਼ੀਲ ਹਨ। ਦੋਵਾਂ ਦੇਸ਼ਾਂ ਦਾ ਟੀਚਾ ਸਾਲ 2030 ਤੱਕ ਦੁਵੱਲੇ ਵਪਾਰ ਨੂੰ 70 ਅਰਬ ਡਾਲਰ ਤੱਕ ਪਹੁੰਚਾਉਣਾ ਹੈ।

ਜ਼ਿਕਰਯੋਗ ਹੈ ਕਿ ਸਾਲ 2023 ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਪੈਦਾ ਹੋ ਗਿਆ ਸੀ। ਇਸ ਘਟਨਾ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਕੂਟਨੀਤਕਾਂ ਨੂੰ ਵੀ ਵਾਪਸ ਭੇਜ ਦਿੱਤਾ ਸੀ। ਭਾਰਤ ਨੇ ਕੈਨੇਡਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਨਕਾਰਿਆ ਸੀ।

ਹੁਣ ਦੋਵੇਂ ਦੇਸ਼ ਵਪਾਰ ਅਤੇ ਕੂਟਨੀਤਕ ਸਬੰਧਾਂ ਨੂੰ ਮੁੜ ਮਜ਼ਬੂਤ ਕਰਨ ਵੱਲ ਕਦਮ ਵਧਾ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਦੌਰਾ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਵਧਾਉਣ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਤਣਾਅ ਨੂੰ ਘਟਾਉਣ ਦੇ ਨਜ਼ਰੀਏ ਤੋਂ ਅਹਿਮ ਮੰਨਿਆ ਜਾ ਰਿਹਾ ਹੈ।

# ਸਰੀ ਮੇਅਰ ਦੀ ਕੁਰਸੀ ਲਈ ਦਿਲਚਸਪ ਮੁਕਾਬਲਾ

### ਪੁਰਾਣੇ ਸਿਆਸੀ ਆਗੂਆਂ ਨੂੰ ਹੋਨਵੀਰ ਸਿੰਘ ਰੰਧਾਵਾ ਦੀ ਚੁਣੌਤੀ; ਸਰਵੇਖਣਾਂ ਤੋਂ ਵੱਖਰਾ ਹੋ ਸਕਦੈ ਲੋਕਾਂ ਦਾ ਫ਼ੈਸਲਾ

**ਸਰੀ, 16 ਅਕਤੂਬਰ (ਹਰਦਮ ਮਾਨ)–** ਸਰੀ ਦੀਆਂ 2026 ਦੀਆਂ ਮਿਊਂਸਪਲ ਚੋਣਾਂ ਲਈ ਸਿਆਸੀ ਸਰਗਰਮੀਆਂ ਸਿਖਰ ’ਤੇ ਪਹੁੰਚ ਗਈਆਂ ਹਨ। 17 ਅਕਤੂਬਰ ਨੂੰ ਵੋਟਾਂ ਪੈਣ ਤੋਂ ਪਹਿਲਾਂ ਮੇਅਰ ਦੀ ਕੁਰਸੀ ਲਈ ਸੱਤ ਉਮੀਦਵਾਰਾਂ ਵਿਚਕਾਰ ਮੁਕਾਬਲਾ ਦਿਲਚਸਪ ਬਣਿਆ ਹੋਇਆ ਹੈ। ਮੌਜੂਦਾ ਮੇਅਰ ਬਰੈਂਡਾ ਲੌਕ, ਸਾਬਕਾ ਮੇਅਰ ਡੱਗ ਮੈਕਕਲਮ, ਸਾਬਕਾ ਕੌਂਸਲਰ ਲਿੰਡਾ ਐਨਿਸ, ਪੰਜਾਬੀ ਮੂਲ ਦੇ ਵਕੀਲ ਹੋਨਵੀਰ ਸਿੰਘ ਰੰਧਾਵਾ, ਮਾਈਕ ਸਟਾਰਚੁਕ, ਇਗਲ ਐਮਨਜ਼ ਦੂਜਾ ਅਤੇ ਟਰੌਇ ਵੈਨ-ਵਲੀਟ ਆਪੋ-ਆਪਣੇ ਚੋਣ ਮੁੱਦਿਆਂ ਨਾਲ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਵਾਰ ਸੁਰੱਖਿਆ, ਜਾਇਦਾਦ ਟੈਕਸ, ਸ਼ਹਿਰ ਦੇ ਖਰਚਿਆਂ, ਵਿਕਾਸ ਪ੍ਰਾਜੈਕਟਾਂ ਅਤੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਦੀਆਂ ਲੋੜਾਂ ਚੋਣ ਬਹਿਸ ਦੇ ਕੇਂਦਰ ਵਿੱਚ ਹਨ।




ਮੌਜੂਦਾ ਮੇਅਰ ਬਰੈਂਡਾ ਲੌਕ ਮੁੜ ਮੇਅਰ ਦੀ ਕੁਰਸੀ ਹਾਸਲ ਕਰਨ ਲਈ ਪੁਲਿਸ ਅਤੇ ਫਾਇਰ ਸੇਵਾਵਾਂ ਵਿੱਚ ਨਿਵੇਸ਼, ਟੈਕਸਾਂ ਨੂੰ ਕਾਬੂ ਵਿੱਚ ਰੱਖਣ, ਰਿਹਾਇਸ਼ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਆਪਣੇ ਮੁੱਖ ਮੁੱਦੇ ਦੱਸ ਰਹੀ ਹੈ। ਸਾਬਕਾ ਮੇਅਰ ਡੱਗ ਮੈਕਕਲਮ ਨੇ ਸਕਾਈਟ੍ਰੇਨ ਦੇ ਵਿਸਥਾਰ, ਚਾਰ ਸਾਲਾਂ ਲਈ ਜਾਇਦਾਦ ਟੈਕਸ ਵਿੱਚ ਵਾਧਾ ਨਾ ਕਰਨ ਅਤੇ ਅਪਰਾਧ ਤੇ ਐਕਸਟੌਰਸ਼ਨ ਵਿਰੁੱਧ ਸਖ਼ਤ ਕਾਰਵਾਈ ਵਰਗੇ ਵਾਅਦੇ ਕੀਤੇ ਹਨ। ਲਿੰਡਾ ਐਨਿਸ ਸੁਰੱਖਿਆ, ਵਿੱਤੀ ਪਾਰਦਰਸ਼ਤਾ ਅਤੇ ਸਿਟੀ ਦੇ ਖਰਚਿਆਂ ਦੀ ਸਮੀਖਿਆ ’ਤੇ ਜ਼ੋਰ ਦੇ ਰਹੀ ਹੈ। ਮਾਈਕ ਸਟਾਰਚੁਕ ਸੁਰੱਖਿਅਤ, ਘੱਟ ਭੀੜ-ਭੜੱਕੇ ਵਾਲੇ ਅਤੇ ਕਿਫਾਇਤੀ ਸਰੀ ਦੀ ਗੱਲ ਕਰ ਰਹੇ ਹਨ, ਜਦਕਿ ਟਰੌਇ ਵੈਨ-ਵਲੀਟ ਅਤੇ ਇਗਲ ਐਮਨਜ਼ ਦੂਜਾ ਵੀ ਸ਼ਹਿਰ ਦੇ ਵਿਕਾਸ ਅਤੇ ਪ੍ਰਸ਼ਾਸਨ ਸਬੰਧੀ ਆਪਣੇ ਵਿਚਾਰਾਂ ਨਾਲ ਵੋਟਰਾਂ ਤੱਕ ਪਹੁੰਚ ਰਹੇ ਹਨ।

ਇਸ ਚੋਣ ਵਿੱਚ ਪੰਜਾਬੀ ਮੂਲ ਦੇ ਵਕੀਲ ਹੋਨਵੀਰ ਸਿੰਘ ਰੰਧਾਵਾ ਦੀ ਮੁਹਿੰਮ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸਰੀ ਵਿੱਚ ਬਚਪਨ ਤੋਂ ਰਹਿ ਰਹੇ ਰੰਧਾਵਾ ਨੇ ਪਿਛਲੇ ਕਈ ਮਹੀਨਿਆਂ ਦੌਰਾਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਮੀਟਿੰਗਾਂ, ਲੋਕ ਇਕੱਠਾਂ ਅਤੇ ਘਰ-ਘਰ ਸੰਪਰਕ ਰਾਹੀਂ ਆਪਣੀ ਗੱਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੀ ਮੁਹਿੰਮ ਦਾ ਮੁੱਖ ਜ਼ੋਰ ਸੁਰੱਖਿਅਤ ਸੜਕਾਂ, ਘੱਟ ਟੈਕਸਾਂ, ਜਵਾਬਦੇਹ ਪ੍ਰਸ਼ਾਸਨ ਅਤੇ ਸਿਟੀ ਦੇ ਫ਼ੈਸਲਿਆਂ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਵਧਾਉਣ ’ਤੇ ਰਿਹਾ ਹੈ। ਉਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਸ਼ਹਿਰ ਵਿੱਚ ਆਈਆਂ ਸਮੱਸਿਆਵਾਂ ਨੂੰ ਉਭਾਰਦਿਆਂ ਵੋਟਰਾਂ ਨੂੰ ਇਹ ਸੋਚਣ ਦਾ ਸੱਦਾ ਦਿੱਤਾ ਹੈ ਕਿ ਸਰੀ ਨੂੰ ਨਵੀਆਂ ਲੀਹਾਂ ’ਤੇ ਲਿਜਾਣ ਲਈ ਕਿਸ ਤਰ੍ਹਾਂ ਦੀ ਅਗਵਾਈ ਦੀ ਲੋੜ ਹੈ।

ਰੰਧਾਵਾ ਵੱਲੋਂ ਪੰਜਾਬੀ ਅਤੇ ਸਮੁੱਚੇ ਸਾਊਥ ਏਸ਼ੀਅਨ ਭਾਈਚਾਰੇ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਕੀਤੇ ਉਪਰਾਲੇ ਵੀ ਇਸ ਮੁਹਿੰਮ ਦਾ ਅਹਿਮ ਪੱਖ ਰਹੇ ਹਨ। ਉਨ੍ਹਾਂ ਨੇ ਵੱਖ-ਵੱਖ ਪਾਰਕਾਂ ਵਿੱਚ ਲੋਕਾਂ ਨਾਲ ਮੁਲਾਕਾਤਾਂ ਕਰਨ, ਕਮਿਊਨਿਟੀ ਇਕੱਠਾਂ ਵਿੱਚ ਸ਼ਾਮਲ ਹੋਣ ਅਤੇ ਵੱਡੇ ਜਨਤਕ ਪ੍ਰੋਗਰਾਮਾਂ ਰਾਹੀਂ ਇਹ ਸੁਨੇਹਾ ਦਿੱਤਾ ਹੈ ਕਿ ਸਰੀ ਵਿੱਚ ਵੱਡੀ ਆਬਾਦੀ ਹੋਣ ਦੇ ਬਾਵਜੂਦ ਜੇਕਰ ਪੰਜਾਬੀ ਅਤੇ ਹੋਰ ਸਾਊਥ ਏਸ਼ੀਅਨ ਲੋਕ ਵੋਟਾਂ ਪਾਉਣ ਲਈ ਘੱਟ ਗਿਣਤੀ ਵਿੱਚ ਨਿਕਲਦੇ ਹਨ ਤਾਂ ਚੋਣ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਆਵਾਜ਼ ਕਮਜ਼ੋਰ ਰਹਿ ਸਕਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਸ਼ਹਿਰ ਦੇ ਭਵਿੱਖ ਨੂੰ ਤੈਅ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ।

ਰੰਧਾਵਾ ਆਪਣੀ ਟੀਮ ਨੂੰ ਵੀ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਵਜੋਂ ਪੇਸ਼ ਕਰ ਰਹੇ ਹਨ। ਉਨ੍ਹਾਂ ਦੀ ਟੀਮ ਵਿੱਚ ਸਰੀ ਦੇ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਤ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਮੁਹਿੰਮ ਦਾ ਅਹਿਮ ਪੱਖ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰੀ ਨੂੰ ਨਵੀਂ ਦਿਸ਼ਾ ਦੇਣ ਲਈ ਅਜਿਹੀ ਅਗਵਾਈ ਦੀ ਲੋੜ ਹੈ ਜੋ ਵੱਖ-ਵੱਖ ਭਾਈਚਾਰਿਆਂ ਦੀਆਂ ਲੋੜਾਂ ਨੂੰ ਸਮਝੇ ਅਤੇ ਆਮ ਪਰਿਵਾਰਾਂ, ਨੌਜਵਾਨਾਂ ਤੇ ਛੋਟੇ ਕਾਰੋਬਾਰੀਆਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇਵੇ। ਉਨ੍ਹਾਂ ਦੇ ਲਗਾਤਾਰ ਲੋਕ ਸੰਪਰਕ ਅਤੇ ਚੋਣ ਪ੍ਰਚਾਰ ਦੇ ਢੰਗ ਨੇ ਇਸ ਵਾਰ ਦੀ ਚੋਣ ਵਿੱਚ ਨਵੀਂ ਚਰਚਾ ਛੇੜੀ ਹੈ ਅਤੇ ਪੁਰਾਣੇ ਸਿਆਸੀ ਆਗੂਆਂ ਲਈ ਚੁਣੌਤੀ ਵਧਾਈ ਹੈ।

ਸਰੀ ਦੀਆਂ ਇਨ੍ਹਾਂ ਚੋਣਾਂ ਵਿੱਚ ਸੁਰੱਖਿਆ ਦਾ ਮੁੱਦਾ ਸਭ ਤੋਂ ਅਹਿਮ ਬਣਿਆ ਹੋਇਆ ਹੈ। ਐਕਸਟੌਰਸ਼ਨ, ਗੈਂਗ ਹਿੰਸਾ, ਨਸ਼ਿਆਂ ਨਾਲ ਜੁੜੇ ਅਪਰਾਧ ਅਤੇ ਪੁਲਿਸ ਸੇਵਾਵਾਂ ਦੀ ਕਾਰਗੁਜ਼ਾਰੀ ਬਾਰੇ ਵੱਖ-ਵੱਖ ਉਮੀਦਵਾਰ ਆਪੋ-ਆਪਣੇ ਹੱਲ ਪੇਸ਼ ਕਰ ਰਹੇ ਹਨ। ਇਸ ਦੇ ਨਾਲ ਹੀ ਜਾਇਦਾਦ ਟੈਕਸ, ਘਰਾਂ ਦੀ ਕਿਫਾਇਤ, ਟ੍ਰੈਫਿਕ, ਸਕਾਈਟ੍ਰੇਨ ਦਾ ਵਿਸਥਾਰ ਅਤੇ ਸ਼ਹਿਰ ਦੇ ਵੱਡੇ ਵਿਕਾਸ ਪ੍ਰਾਜੈਕਟਾਂ ’ਤੇ ਖਰਚੇ ਵੀ ਵੋਟਰਾਂ ਲਈ ਮਹੱਤਵਪੂਰਨ ਮੁੱਦੇ ਹਨ। ਸਿਟੀ ਸੈਂਟਰ ਵਿੱਚ 10,000 ਸੀਟਾਂ ਵਾਲੇ ਅਰੇਨਾ ਅਤੇ ਐਂਟਰਟੇਨਮੈਂਟ ਡਿਸਟ੍ਰਿਕਟ ਦੀ ਯੋਜਨਾ ਨੂੰ ਲੈ ਕੇ ਵੀ ਇਹ ਬਹਿਸ ਜਾਰੀ ਹੈ ਕਿ ਅਜਿਹੇ ਪ੍ਰਾਜੈਕਟਾਂ ਨਾਲ ਸ਼ਹਿਰ ਨੂੰ ਕੀ ਲਾਭ ਹੋਵੇਗਾ ਅਤੇ ਉਨ੍ਹਾਂ ਦਾ ਵਿੱਤੀ ਬੋਝ ਕਿਵੇਂ ਪੂਰਾ ਕੀਤਾ ਜਾਵੇਗਾ।

ਭਾਵੇਂ ਪਿਛਲੇ ਦਿਨਾਂ ਵਿੱਚ ਸਾਹਮਣੇ ਆਏ ਕੁਝ ਸਰਵੇਖਣ ਚੋਣ ਮੁਕਾਬਲੇ ਬਾਰੇ ਵੱਖਰੇ ਸੰਕੇਤ ਦੇ ਰਹੇ ਹਨ, ਪਰ ਚੋਣ ਮੁਹਿੰਮ ਦੌਰਾਨ ਲੋਕਾਂ ਨਾਲ ਹੋ ਰਹੇ ਸੰਪਰਕ ਅਤੇ ਵੱਖ-ਵੱਖ ਇਲਾਕਿਆਂ ਵਿੱਚ ਉੱਭਰ ਰਹੀਆਂ ਚਰਚਾਵਾਂ ਨੂੰ ਦੇਖਦਿਆਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਵਾਰ ਸਰੀ ਦੇ ਮੇਅਰ ਦੀ ਚੋਣ ਦਾ ਨਤੀਜਾ ਕਈ ਲੋਕਾਂ ਲਈ ਹੈਰਾਨੀਜਨਕ ਹੋ ਸਕਦਾ ਹੈ। ਖ਼ਾਸ ਕਰਕੇ ਹੋਨਵੀਰ ਸਿੰਘ ਰੰਧਾਵਾ ਦੀ ਮੁਹਿੰਮ ਅਤੇ ਪੰਜਾਬੀ ਭਾਈਚਾਰੇ ਨੂੰ ਵੋਟਾਂ ਲਈ ਲਾਮਬੰਦ ਕਰਨ ਦੇ ਯਤਨਾਂ ਨੇ ਚੋਣ ਦੇ ਆਖ਼ਰੀ ਪੜਾਅ ਨੂੰ ਹੋਰ ਦਿਲਚਸਪ ਬਣਾ ਦਿੱਤਾ ਹੈ। ਹਾਲਾਂਕਿ ਅਸਲ ਤਸਵੀਰ ਵੋਟਾਂ ਦੀ ਗਿਣਤੀ ਤੋਂ ਬਾਅਦ ਹੀ ਸਪੱਸ਼ਟ ਹੋਵੇਗੀ।

ਹੁਣ ਸਰੀ ਦੇ ਵੋਟਰਾਂ ਨੇ ਫ਼ੈਸਲਾ ਦੇਣਾ ਹੈ ਕਿ ਉਹ ਤਜਰਬੇਕਾਰ ਆਗੂਆਂ ਨੂੰ ਮੁੜ ਮੌਕਾ ਦੇਣਾ ਚਾਹੁੰਦੇ ਹਨ ਜਾਂ ਨਵੀਂ ਅਗਵਾਈ ਨੂੰ ਅਜ਼ਮਾਉਣਾ ਚਾਹੁੰਦੇ ਹਨ। ਇਸ ਵਾਰ ਦੀ ਚੋਣ ਸਿਰਫ਼ ਮੇਅਰ ਦੀ ਕੁਰਸੀ ਦਾ ਫ਼ੈਸਲਾ ਨਹੀਂ ਕਰੇਗੀ, ਸਗੋਂ ਇਹ ਵੀ ਦਰਸਾਏਗੀ ਕਿ ਸਰੀ ਦੇ ਲੋਕ ਸੁਰੱਖਿਆ, ਟੈਕਸਾਂ, ਜਵਾਬਦੇਹੀ ਅਤੇ ਸ਼ਹਿਰ ਦੇ ਭਵਿੱਖ ਬਾਰੇ ਕਿਸ ਤਰ੍ਹਾਂ ਦੀ ਸੋਚ ਨੂੰ ਤਰਜੀਹ ਦਿੰਦੇ ਹਨ।
























# ਸਰੀ ਦੇ ਵਿਕਾਸ ਲਈ ਮੇਅਰ ਬਰੈਂਡਾ ਲੋਕ ਵੱਲੋਂ ਸੂਬਾਈ ਸਿਆਸੀ ਪਾਰਟੀਆਂ ਅੱਗੇ ਪੰਜ ਅਹਿਮ ਮੰਗਾਂ

## ਸਰੀ ਵਿੱਚ ਔਰਤਾਂ ਅਤੇ ਬੱਚਿਆਂ ਲਈ ਵਿਸ਼ੇਸ਼ ਹਸਪਤਾਲ ਬਣਾਉਣ ਦੀ ਵਚਨਬੱਧਤਾ ਦਾ ਕੀਤਾ ਸਵਾਗਤ, ਸਰੀ ਮੈਮੋਰੀਅਲ ਹਸਪਤਾਲ ਦੇ ਦੂਜੇ ਟਾਵਰ ਦੀ ਉਸਾਰੀ ਦੀ ਵੀ ਕੀਤੀ ਮੰਗ




**ਸਰੀ, 15 ਅਕਤੂਬਰ (ਮਹੇਸ਼ਇੰਦਰ ਸਿੰਘ ਮਾਂਗਟ):** ਬ੍ਰਿਟਿਸ਼ ਕੋਲੰਬੀਆ ਦੀਆਂ ਆਗਾਮੀ ਸੂਬਾਈ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਰੀ ਦੀ ਮੇਅਰ ਅਤੇ ਸਰੀ ਕਨੈਕਟ ਸਲੇਟ ਦੀ ਆਗੂ ਬਰੈਂਡਾ ਲੋਕ ਨੇ ਸੂਬੇ ਦੀਆਂ ਸਮੂਹ ਸਿਆਸੀ ਪਾਰਟੀਆਂ ਅਤੇ ਚੋਣ ਮੁਹਿੰਮਾਂ ਚਲਾ ਰਹੇ ਆਗੂਆਂ ਨੂੰ ਸਰੀ ਸ਼ਹਿਰ ਦੇ ਭਵਿੱਖ ਅਤੇ ਵਿਕਾਸ ਲਈ ਪੰਜ ਅਹਿਮ ਮੰਗਾਂ ਪੂਰੀਆਂ ਕਰਨ ਦੀ ਵਚਨਬੱਧਤਾ ਪ੍ਰਗਟਾਉਣ ਦੀ ਅਪੀਲ ਕੀਤੀ ਹੈ।

ਮੇਅਰ ਬਰੈਂਡਾ ਲੋਕ ਨੇ ਕਿਹਾ ਕਿ ਸਰੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਸ਼ਹਿਰ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਵੱਡਾ ਸ਼ਹਿਰ ਬਣਨ ਵੱਲ ਵਧ ਰਿਹਾ ਹੈ। ਅਜਿਹੀ ਸਥਿਤੀ ਵਿੱਚ ਸ਼ਹਿਰ ਦੇ ਵਸਨੀਕਾਂ ਨੂੰ ਬਿਹਤਰ ਸਿਹਤ ਸੇਵਾਵਾਂ, ਬੁਨਿਆਦੀ ਢਾਂਚਾ ਅਤੇ ਸਰਕਾਰੀ ਸਹੂਲਤਾਂ ਮੁਹੱਈਆ ਕਰਵਾਉਣੀਆਂ ਬੇਹੱਦ ਜ਼ਰੂਰੀ ਹਨ।

ਉਨ੍ਹਾਂ ਕਿਹਾ ਕਿ ਸਰੀ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਤੇ ਸ਼ਹਿਰ ਦੀ ਵਧ ਰਹੀ ਆਬਾਦੀ ਦੇ ਅਨੁਸਾਰ ਸਰਕਾਰੀ ਸਹੂਲਤਾਂ ਅਤੇ ਵਿੱਤੀ ਸਹਾਇਤਾ ਮਿਲਣੀ ਚਾਹੀਦੀ ਹੈ।

ਸਰੀ ਕਨੈਕਟ ਵੱਲੋਂ ਸੂਬਾਈ ਸਿਆਸੀ ਪਾਰਟੀਆਂ ਅੱਗੇ ਰੱਖੀਆਂ ਗਈਆਂ ਪੰਜ ਮੁੱਖ ਮੰਗਾਂ ਇਸ ਪ੍ਰਕਾਰ ਹਨ:

1. ਸਰੀ ਮੈਮੋਰੀਅਲ ਹਸਪਤਾਲ ਦੇ ਦੂਜੇ ਟਾਵਰ ਦੀ ਉਸਾਰੀ: ਸਰੀ ਦੀ ਵਧ ਰਹੀ ਆਬਾਦੀ ਅਤੇ ਸਿਹਤ ਸੇਵਾਵਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਰੀ ਮੈਮੋਰੀਅਲ ਹਸਪਤਾਲ ਵਿੱਚ ਦੂਜੇ ਟਾਵਰ ਦੀ ਉਸਾਰੀ ਕੀਤੀ ਜਾਵੇ, ਤਾਂ ਜੋ ਮਰੀਜ਼ਾਂ ਨੂੰ ਬਿਹਤਰ ਅਤੇ ਸਮੇਂ ਸਿਰ ਇਲਾਜ ਦੀਆਂ ਸਹੂਲਤਾਂ ਮਿਲ ਸਕਣ।
2. ਬਿੱਲ 44 ਅਤੇ 47 ਨੂੰ ਰੱਦ ਕਰਨਾ: ਸੂਬਾ ਸਰਕਾਰ ਵੱਲੋਂ ਲਾਗੂ ਕੀਤੇ ਗਏ ਬਿੱਲ 44 ਅਤੇ 47 ਨੂੰ ਰੱਦ ਕੀਤਾ ਜਾਵੇ।
3. ਸਰੀ ਲਈ ਵਿਸ਼ੇਸ਼ ਚਾਰਟਰ ਬਣਾਉਣਾ: ਸਰੀ ਸ਼ਹਿਰ ਦੀਆਂ ਵਧਦੀਆਂ ਪ੍ਰਸ਼ਾਸਕੀ ਅਤੇ ਵਿਕਾਸ ਸਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਰੀ ਚਾਰਟਰ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ।
4. ਸਰੀ ਅਤੇ ਵੈਨਕੂਵਰ ਨੂੰ ਮਿਲਦੇ ਸੂਬਾਈ ਫੰਡਾਂ ਦੀ ਸਮੀਖਿਆ: ਸਰੀ ਅਤੇ ਵੈਨਕੂਵਰ ਸ਼ਹਿਰਾਂ ਨੂੰ ਸੂਬਾ ਸਰਕਾਰ ਵੱਲੋਂ ਦਿੱਤੀ ਜਾਂਦੀ ਵਿੱਤੀ ਸਹਾਇਤਾ ਦੀ ਬਰਾਬਰੀ ਦੇ ਆਧਾਰ 'ਤੇ ਸਮੀਖਿਆ ਕੀਤੀ ਜਾਵੇ, ਤਾਂ ਜੋ ਸਰੀ ਨੂੰ ਵੀ ਉਸ ਦੀ ਆਬਾਦੀ ਅਤੇ ਲੋੜਾਂ ਅਨੁਸਾਰ ਬਣਦਾ ਹਿੱਸਾ ਮਿਲ ਸਕੇ।
5. ਮੈਟਰੋ ਵੈਨਕੂਵਰ ਵਿੱਚ ਸੁਧਾਰ: ਮੈਟਰੋ ਵੈਨਕੂਵਰ ਦੇ ਪ੍ਰਬੰਧਕੀ ਢਾਂਚੇ ਅਤੇ ਕਾਰਜਪ੍ਰਣਾਲੀ ਵਿੱਚ ਲੋੜੀਂਦੇ ਸੁਧਾਰ ਕੀਤੇ ਜਾਣ।

**ਸਰੀ ਵਿੱਚ ਔਰਤਾਂ ਅਤੇ ਬੱਚਿਆਂ ਲਈ ਵਿਸ਼ੇਸ਼ ਹਸਪਤਾਲ ਦੀ ਵਚਨਬੱਧਤਾ ਦਾ ਸਵਾਗਤ**

ਇਸ ਮੌਕੇ ਮੇਅਰ ਬਰੈਂਡਾ ਲੋਕ ਨੇ ਸਰੀ ਵਿੱਚ ਔਰਤਾਂ ਅਤੇ ਬੱਚਿਆਂ ਲਈ ਵਿਸ਼ੇਸ਼ ਹਸਪਤਾਲ ਬਣਾਉਣ ਸਬੰਧੀ ਅੱਜ ਸਾਹਮਣੇ ਆਈ ਵਚਨਬੱਧਤਾ ਦਾ ਸਵਾਗਤ ਕੀਤਾ।

ਉਨ੍ਹਾਂ ਦੱਸਿਆ ਕਿ ਸਰੀ ਕਨੈਕਟ ਵੱਲੋਂ ਪਹਿਲੀ ਅਕਤੂਬਰ ਨੂੰ ਜਾਰੀ ਕੀਤੇ ਗਏ ਆਪਣੇ ਚੋਣ ਮਨੋਰਥ ਪੱਤਰ ਵਿੱਚ ਸਰੀ ਵਿਖੇ ਔਰਤਾਂ ਅਤੇ ਬੱਚਿਆਂ ਲਈ ਵਿਸ਼ੇਸ਼ ਹਸਪਤਾਲ ਬਣਾਉਣ ਵਾਸਤੇ ਸੂਬਾ ਸਰਕਾਰ ਨੂੰ ਜ਼ਮੀਨ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਗਿਆ ਸੀ।

ਸਰੀ ਕਨੈਕਟ ਨੇ ਦਾਅਵਾ ਕੀਤਾ ਕਿ ਉਹ ਇਕਲੌਤੀ ਸਿਆਸੀ ਪਾਰਟੀ ਹੈ ਜਿਸ ਨੇ ਸਰੀ ਵਿੱਚ ਔਰਤਾਂ ਅਤੇ ਬੱਚਿਆਂ ਲਈ ਵਿਸ਼ੇਸ਼ ਹਸਪਤਾਲ ਦੀ ਉਸਾਰੀ ਵਿੱਚ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ ਹੈ।

ਮੇਅਰ ਲੋਕ ਨੇ ਕਿਹਾ ਕਿ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਅਜਿਹੇ ਵੱਡੇ ਪ੍ਰਾਜੈਕਟ ਸਰੀ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਹਨ ਅਤੇ ਇਨ੍ਹਾਂ ਨਾਲ ਸ਼ਹਿਰ ਦੇ ਹਜ਼ਾਰਾਂ ਪਰਿਵਾਰਾਂ ਨੂੰ ਲਾਭ ਮਿਲ ਸਕਦਾ ਹੈ।

**ਸਰੀ ਨੂੰ ਵੈਨਕੂਵਰ ਦੇ ਬਰਾਬਰ ਫੰਡ ਅਤੇ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ: ਬਰੈਂਡਾ ਲੋਕ**

ਮੇਅਰ ਬਰੈਂਡਾ ਲੋਕ ਨੇ ਸੂਬਾਈ ਸਿਆਸੀ ਪਾਰਟੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰੀ ਨੂੰ ਉਸ ਦੇ ਵਿਕਾਸ ਅਤੇ ਵਧ ਰਹੀ ਆਬਾਦੀ ਦੇ ਅਨੁਸਾਰ ਲੋੜੀਂਦਾ ਸਹਿਯੋਗ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ, "ਲੰਮੇ ਸਮੇਂ ਤੋਂ ਸਰੀ ਨੂੰ ਵੈਨਕੂਵਰ ਦੇ ਮੁਕਾਬਲੇ ਦੂਜੇ ਦਰਜੇ 'ਤੇ ਰੱਖਿਆ ਜਾਂਦਾ ਰਿਹਾ ਹੈ। ਹੁਣ ਸਮਾਂ ਆ ਗਿਆ ਹੈ ਕਿ ਸਰੀ ਨੂੰ ਵੀ ਉਸ ਦਾ ਬਣਦਾ ਹੱਕ, ਲੋੜੀਂਦੇ ਫੰਡ ਅਤੇ ਸਰੋਤ ਮੁਹੱਈਆ ਕਰਵਾਏ ਜਾਣ।" ਉਨ੍ਹਾਂ ਅੱਗੇ ਕਿਹਾ ਕਿ ਸਰੀ ਕਨੈਕਟ ਸਾਰੀਆਂ ਸੂਬਾਈ ਸਿਆਸੀ ਪਾਰਟੀਆਂ ਤੋਂ ਇਨ੍ਹਾਂ ਪੰਜ ਅਹਿਮ ਮੰਗਾਂ ਪ੍ਰਤੀ ਸਪੱਸ਼ਟ ਵਚਨਬੱਧਤਾ ਚਾਹੁੰਦੀ ਹੈ, ਤਾਂ ਜੋ ਸਰੀ ਦੇ ਭਵਿੱਖ ਨੂੰ ਮਜ਼ਬੂਤ ਬਣਾਇਆ ਜਾ ਸਕੇ।

ਜ਼ਿਕਰਯੋਗ ਹੈ ਕਿ ਸਰੀ ਵਿੱਚ 17 ਅਕਤੂਬਰ ਨੂੰ ਮਿਊਂਸਪਲ ਚੋਣਾਂ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ 24 ਅਕਤੂਬਰ ਨੂੰ ਸੂਬਾਈ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਅਜਿਹੇ ਚੋਣਵੇਂ ਮਾਹੌਲ ਵਿੱਚ ਸਰੀ ਦੀਆਂ ਸਿਹਤ ਸੇਵਾਵਾਂ, ਸਰਕਾਰੀ ਫੰਡਾਂ ਦੀ ਵੰਡ ਅਤੇ ਸ਼ਹਿਰ ਦੇ ਵਿਕਾਸ ਨਾਲ ਜੁੜੇ ਮੁੱਦੇ ਸਿਆਸੀ ਚਰਚਾ ਦਾ ਅਹਿਮ ਹਿੱਸਾ ਬਣ ਰਹੇ ਹਨ।

# ਕੈਨੇਡਾ ਨਾਲੋਂ ਵੱਖ ਹੋਣ ਦੇ ਮੁੱਦੇ 'ਤੇ ਅਲਬਰਟਾ ਦੀ ਪ੍ਰੀਮੀਅਰ ਨੇ ਪਾਈ ਵੋਟ; ਲੋਕਾਂ ਨੂੰ ਦੇਸ਼ ਨਾਲ ਜੁੜੇ ਰਹਿਣ ਦੀ ਕੀਤੀ ਅਪੀਲ

## ਡੈਨੀਅਲ ਸਮਿਥ ਨੇ ਜਨਮਤ ਸੰਗ੍ਰਹਿ ਵਿੱਚ ਲਿਆ ਹਿੱਸਾ; ਕਿਹਾ, ਸੰਘੀ ਸਰਕਾਰ ਦੀਆਂ ਨੀਤੀਆਂ ਤੋਂ ਨਾਰਾਜ਼ਗੀ ਦੇ ਬਾਵਜੂਦ ਕੈਨੇਡਾ ਨਾਲ ਰਹਿ ਕੇ ਵੀ ਬਦਲਾਅ ਲਿਆਂਦਾ ਜਾ ਸਕਦਾ ਹੈ



**ਅਲਬਰਟ:** ਕੈਨੇਡਾ ਦੇ ਅਲਬਰਟਾ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਸੂਬੇ ਦੇ ਵੱਖ ਹੋਣ ਸਬੰਧੀ ਜਨਮਤ ਸੰਗ੍ਰਹਿ ਵਿੱਚ ਆਪਣੀ ਵੋਟ ਪਾਈ। ਇਸ ਮੌਕੇ ਉਨ੍ਹਾਂ ਨੇ ਕੈਨੇਡਾ ਨਾਲ ਇਕਜੁੱਟ ਰਹਿਣ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਲੋਕਾਂ ਨੂੰ ਵੀ ਦੇਸ਼ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ।

ਸਮਿਥ ਨੇ ਕਿਹਾ ਕਿ ਸੰਘੀ ਸਰਕਾਰ ਦੀਆਂ ਨੀਤੀਆਂ ਕਾਰਨ ਅਲਬਰਟਾ ਦੇ ਬਹੁਤ ਸਾਰੇ ਲੋਕ ਨਾਰਾਜ਼ ਹਨ, ਪਰ ਇਸ ਦੇ ਬਾਵਜੂਦ ਕੈਨੇਡਾ ਦਾ ਹਿੱਸਾ ਬਣੇ ਰਹਿ ਕੇ ਵੀ ਬਦਲਾਅ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਮੁਤਾਬਕ ਵੱਡੇ ਪ੍ਰਾਜੈਕਟਾਂ, ਖ਼ਾਸ ਕਰਕੇ ਬ੍ਰਿਟਿਸ਼ ਕੋਲੰਬੀਆ ਦੇ ਤੱਟ ਤੱਕ ਨਵੀਂ ਤੇਲ ਪਾਈਪਲਾਈਨ ਬਣਾਉਣ ਦੀ ਯੋਜਨਾ ਨੂੰ ਸਫ਼ਲਤਾ ਮਿਲ ਰਹੀ ਹੈ।

ਉਨ੍ਹਾਂ ਕਿਹਾ ਕਿ ਕੈਨੇਡਾ ਨਾਲ ਰਹਿਣ ਜਾਂ ਇਸ ਤੋਂ ਵੱਖ ਹੋਣ ਬਾਰੇ ਲੋਕਾਂ ਦੀ ਰਾਇ ਜਾਣਨ ਲਈ ਕਰਵਾਏ ਜਾ ਰਹੇ ਜਨਮਤ ਸੰਗ੍ਰਹਿ ਵਿੱਚ ਕੁੱਲ 10 ਸਵਾਲ ਰੱਖੇ ਗਏ ਹਨ। ਪਹਿਲਾ ਸਵਾਲ ਕੈਨੇਡਾ ਨਾਲ ਜੁੜੇ ਰਹਿਣ ਜਾਂ ਵੱਖ ਹੋਣ ਬਾਰੇ ਹੈ, ਜਦਕਿ ਬਾਕੀ ਨੌਂ ਸਵਾਲ ਇਮੀਗ੍ਰੇਸ਼ਨ ਨੀਤੀਆਂ ਅਤੇ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਵਰਗੇ ਮੁੱਦਿਆਂ ਨਾਲ ਸਬੰਧਤ ਹਨ।

ਡੈਨੀਅਲ ਸਮਿਥ ਨੇ ਲੋਕਾਂ ਨੂੰ ਸਾਰੇ ਸਵਾਲਾਂ 'ਤੇ ਆਪਣੀ ਰਾਇ ਦੇਣ ਅਤੇ ਵੋਟ ਪਾਉਣ ਦੀ ਅਪੀਲ ਕੀਤੀ। ਚੋਣ ਅਧਿਕਾਰੀਆਂ ਮੁਤਾਬਕ ਵੋਟਿੰਗ ਪ੍ਰਕਿਰਿਆ ਵਿੱਚ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਪ੍ਰਬੰਧ ਕੀਤੇ ਗਏ ਹਨ।

ਵੱਖ-ਵੱਖ ਸਰਵੇਖਣਾਂ ਵਿੱਚ ਵੀ ਬਹੁਤ ਸਾਰੇ ਲੋਕਾਂ ਨੇ ਕੈਨੇਡਾ ਨਾਲ ਰਹਿਣ ਦੇ ਹੱਕ ਵਿੱਚ ਆਪਣੀ ਰਾਇ ਪ੍ਰਗਟਾਈ ਹੈ। ਹਾਲਾਂਕਿ, ਇਸ ਮੁੱਦੇ ਨੇ ਅਲਬਰਟਾ ਵਿੱਚ ਸਿਆਸੀ ਅਤੇ ਸਮਾਜਿਕ ਵੰਡ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਸੂਬੇ ਦੇ ਭਵਿੱਖ, ਸੰਘੀ ਸਰਕਾਰ ਨਾਲ ਸਬੰਧਾਂ ਅਤੇ ਅਲਬਰਟਾ ਦੇ ਅਧਿਕਾਰਾਂ ਨੂੰ ਲੈ ਕੇ ਬਹਿਸ ਜਾਰੀ ਹੈ।

# ਕੈਲਗਰੀ ਵਿੱਚ ਭਿਆਨਕ ਸੜਕ ਹਾਦਸਾ: ਗੈਸ ਨਾਲ ਚੱਲਦੀ ਬੱਸ ਨੂੰ ਲੱਗੀ ਅੱਗ, ਤਿੰਨ ਮੌਤਾਂ; 19 ਜ਼ਖ਼ਮੀ

## ਕਾਰ ਅਤੇ ਬੱਸ ਦੀ ਟੱਕਰ ਮਗਰੋਂ ਛੇ ਵਾਹਨ ਹਾਦਸੇ ਦੀ ਲਪੇਟ ਵਿੱਚ ਆਏ; ਪੰਜ ਜ਼ਖ਼ਮੀਆਂ ਦੀ ਹਾਲਤ ਗੰਭੀਰ, ਅਲਬਰਟਾ ਦੀ ਮੁੱਖ ਮੰਤਰੀ ਵੱਲੋਂ ਦੁੱਖ ਦਾ ਪ੍ਰਗਟਾਵਾ




**ਕੈਲਗਰੀ:** ਕੈਨੇਡਾ ਦੇ ਅਲਬਰਟਾ ਸੂਬੇ ਦੇ ਪ੍ਰਮੁੱਖ ਸ਼ਹਿਰ ਕੈਲਗਰੀ ਦੇ ਉੱਤਰ-ਪੱਛਮੀ ਹਿੱਸੇ ਵਿੱਚ ਵਾਪਰੇ ਭਿਆਨਕ ਸੜਕ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ 19 ਹੋਰ ਜ਼ਖ਼ਮੀ ਹੋ ਗਏ। ਕਾਰ ਅਤੇ ਜਨਤਕ ਆਵਾਜਾਈ ਵਾਲੀ ਬੱਸ ਵਿਚਕਾਰ ਹੋਈ ਟੱਕਰ ਤੋਂ ਬਾਅਦ ਕਈ ਹੋਰ ਵਾਹਨ ਵੀ ਹਾਦਸੇ ਦਾ ਸ਼ਿਕਾਰ ਹੋ ਗਏ। ਇਸ ਦੌਰਾਨ ਕੁਦਰਤੀ ਗੈਸ ਨਾਲ ਚੱਲਣ ਵਾਲੀ ਬੱਸ ਨੂੰ ਅੱਗ ਲੱਗ ਗਈ, ਜਿਸ ਕਾਰਨ ਸਥਿਤੀ ਹੋਰ ਗੰਭੀਰ ਹੋ ਗਈ।

ਪੁਲੀਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਇਹ ਹਾਦਸਾ ਬਾਅਦ ਦੁਪਹਿਰ ਵਾਪਰਿਆ, ਜਦੋਂ ਕੁਦਰਤੀ ਗੈਸ ਨਾਲ ਚੱਲਣ ਵਾਲੀ ਬੱਸ ਸ਼ਹਿਰ ਤੋਂ ਬਾਹਰ ਵੱਲ ਜਾ ਰਹੀ ਸੀ। ਭੀੜ-ਭੜੱਕੇ ਵਾਲੇ ਇਲਾਕੇ ਵਿੱਚ ਪਹੁੰਚਣ 'ਤੇ ਸਾਹਮਣੇ ਤੋਂ ਆ ਰਹੀ ਇੱਕ ਕਾਰ ਬੱਸ ਨਾਲ ਟਕਰਾ ਗਈ। ਟੱਕਰ ਤੋਂ ਬਾਅਦ ਕਾਰ ਸੜਕ ਦੀ ਦੂਜੀ ਲੇਨ ਵਿੱਚ ਜਾ ਰਹੀ ਇੱਕ ਹੋਰ ਬੱਸ ਨਾਲ ਜਾ ਭਿੜੀ। ਇਸ ਲੜੀਵਾਰ ਟੱਕਰ ਵਿੱਚ ਚਾਰ ਹੋਰ ਵਾਹਨ ਵੀ ਨੁਕਸਾਨੇ ਗਏ।

ਹਾਦਸੇ ਦੌਰਾਨ ਬੱਸ ਵਿੱਚੋਂ ਗੈਸ ਲੀਕ ਹੋਣ ਕਾਰਨ ਅੱਗ ਲੱਗ ਗਈ। ਸੂਚਨਾ ਮਿਲਦਿਆਂ ਹੀ ਬਚਾਅ ਅਤੇ ਐਮਰਜੈਂਸੀ ਸੇਵਾਵਾਂ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਬਚਾਅ ਕਰਮਚਾਰੀਆਂ ਨੇ ਬੱਸ ਅਤੇ ਹੋਰ ਵਾਹਨਾਂ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢਿਆ ਅਤੇ ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ।

ਪੁਲੀਸ ਮੁਤਾਬਕ, ਦੋ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦਕਿ ਹਸਪਤਾਲ ਵਿੱਚ ਇਲਾਜ ਦੌਰਾਨ ਇੱਕ ਹੋਰ ਜ਼ਖ਼ਮੀ ਨੇ ਦਮ ਤੋੜ ਦਿੱਤਾ। ਸ਼ੁਰੂਆਤੀ ਜਾਣਕਾਰੀ ਅਨੁਸਾਰ 20 ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਸੀ। ਇਨ੍ਹਾਂ ਵਿੱਚੋਂ ਨੌਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ।

ਹਾਦਸੇ ਵਿੱਚ ਜ਼ਖ਼ਮੀ ਹੋਏ ਪੰਜ ਵਿਅਕਤੀਆਂ ਦੀ ਹਾਲਤ ਗੰਭੀਰ ਦੱਸੀ ਗਈ ਹੈ, ਜਦਕਿ ਪੰਜ ਹੋਰਾਂ ਦੇ ਜ਼ਖ਼ਮ ਜਾਨਲੇਵਾ ਨਹੀਂ ਹਨ ਅਤੇ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ। ਹਾਦਸੇ ਦੇ ਕਾਰਨਾਂ ਅਤੇ ਘਟਨਾ ਦੇ ਪੂਰੇ ਹਾਲਾਤ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਇਸ ਦੁਖਦਾਈ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਜ਼ਖ਼ਮੀਆਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।

# ਦੋਰਾਹਾ ਏਰੀਆ ਵੈਲਫੇਅਰ ਸੁਸਾਇਟੀ ਵੱਲੋਂ 14 ਨਵੰਬਰ ਨੂੰ ਸਰੀ ਵਿਖੇ ਕਰਵਾਈ ਜਾਵੇਗੀ 'ਦੋਰਾਹਾ ਨਾਈਟ'

## ਗੀਤ-ਸੰਗੀਤ, ਮਨੋਰੰਜਨ ਅਤੇ ਸੁਆਦਲੇ ਖਾਣਿਆਂ ਦਾ ਹੋਵੇਗਾ ਵਿਸ਼ੇਸ਼ ਪ੍ਰਬੰਧ, ਪ੍ਰਬੰਧਕਾਂ ਵੱਲੋਂ ਦੋਰਾਹਾ ਇਲਾਕੇ ਦੇ ਸਮੂਹ ਪਰਿਵਾਰਾਂ ਨੂੰ ਸ਼ਮੂਲੀਅਤ ਕਰਨ ਦਾ ਸੱਦਾ




**ਸਰੀ (ਮਹੇਸ਼ਇੰਦਰ ਸਿੰਘ ਮਾਂਗਟ):** ਕੈਨੇਡਾ ਵਿੱਚ ਵਸਦੇ ਦੋਰਾਹਾ ਅਤੇ ਆਸ-ਪਾਸ ਦੇ ਇਲਾਕਿਆਂ ਨਾਲ ਸਬੰਧਤ ਪਰਿਵਾਰਾਂ ਨੂੰ ਆਪਸੀ ਸਾਂਝ, ਪਿਆਰ ਅਤੇ ਭਾਈਚਾਰਕ ਏਕਤਾ ਦੀਆਂ ਤੰਦਾਂ ਵਿੱਚ ਪਰੋਣ ਦੇ ਉਦੇਸ਼ ਨਾਲ ਦੋਰਾਹਾ ਏਰੀਆ ਵੈਲਫੇਅਰ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸੱਭਿਆਚਾਰਕ ਸਮਾਗਮ 'ਦੋਰਾਹਾ ਨਾਈਟ 2026' ਦਾ ਆਯੋਜਨ 14 ਨਵੰਬਰ, ਦਿਨ ਸ਼ਨਿੱਚਰਵਾਰ ਨੂੰ ਸ਼ਾਮ 6 ਵਜੇ ਸਰੀ ਦੇ ਗ੍ਰੈਂਡ ਤਾਜ ਬੈਂਕੁਇਟ ਹਾਲ (8388-128 ਸਟਰੀਟ, ਸਰੀ) ਵਿਖੇ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਮਾਗਮ ਦਾ ਮੁੱਖ ਮਕਸਦ ਵਿਦੇਸ਼ਾਂ ਵਿੱਚ ਵਸਦੇ ਦੋਰਾਹਾ ਇਲਾਕੇ ਦੇ ਲੋਕਾਂ ਨੂੰ ਇੱਕ ਮੰਚ 'ਤੇ ਇਕੱਠੇ ਕਰਨਾ, ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਬਣਾਉਣਾ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਨਾਲ ਜੋੜੀ ਰੱਖਣਾ ਹੈ।

ਪ੍ਰਬੰਧਕਾਂ ਅਨੁਸਾਰ ਇਸ ਵਾਰ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੇ ਮਨੋਰੰਜਨ ਲਈ ਗੀਤ-ਸੰਗੀਤ ਦੇ ਵਿਸ਼ੇਸ਼ ਪ੍ਰੋਗਰਾਮ ਤੋਂ ਇਲਾਵਾ ਸੁਆਦਲੇ ਖਾਣ-ਪੀਣ ਦਾ ਵੀ ਉਚੇਚਾ ਪ੍ਰਬੰਧ ਕੀਤਾ ਜਾਵੇਗਾ। ਸਮਾਗਮ ਦੌਰਾਨ ਦੋਰਾਹਾ ਇਲਾਕੇ ਨਾਲ ਸਬੰਧਤ ਪਰਿਵਾਰਾਂ ਨੂੰ ਇੱਕ-ਦੂਜੇ ਨਾਲ ਮਿਲਣ-ਗਿਲਣ ਅਤੇ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਦਾ ਮੌਕਾ ਮਿਲੇਗਾ।

ਇਸ ਮੌਕੇ ਸੁਸਾਇਟੀ ਦੇ ਪ੍ਰਬੰਧਕਾਂ ਨੇ ਸਮਾਗਮ ਦੇ ਸਮੂਹ ਸਪਾਂਸਰਾਂ ਨੂੰ ਅਪੀਲ ਕੀਤੀ ਕਿ ਉਹ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਵੱਧ ਤੋਂ ਵੱਧ ਆਰਥਿਕ ਅਤੇ ਹੋਰ ਸਹਿਯੋਗ ਦੇ ਕੇ ਇਸ ਸਾਲਾਨਾ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਸਪਾਂਸਰਾਂ ਦੇ ਸਹਿਯੋਗ ਸਦਕਾ ਹੀ ਅਜਿਹੇ ਭਾਈਚਾਰਕ ਅਤੇ ਸੱਭਿਆਚਾਰਕ ਸਮਾਗਮਾਂ ਦਾ ਆਯੋਜਨ ਸੰਭਵ ਹੁੰਦਾ ਹੈ। ਉਨ੍ਹਾਂ ਸਮੂਹ ਸਪਾਂਸਰਾਂ ਦਾ ਦਿਲੋਂ ਧੰਨਵਾਦ ਵੀ ਕੀਤਾ।

ਪ੍ਰਬੰਧਕਾਂ ਨੇ ਦੋਰਾਹਾ ਇਲਾਕੇ ਨਾਲ ਸਬੰਧਤ ਸਮੂਹ ਪਰਿਵਾਰਾਂ ਅਤੇ ਸੱਜਣਾਂ-ਮਿੱਤਰਾਂ ਨੂੰ ਨਿੱਘਾ ਸੱਦਾ ਦਿੰਦਿਆਂ ਅਪੀਲ ਕੀਤੀ ਕਿ ਉਹ ਇਸ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਿਰਕਤ ਕਰਨ। ਇਸ ਦੇ ਨਾਲ ਹੀ ਉਨ੍ਹਾਂ ਕੈਨੇਡਾ ਵਿੱਚ ਨਵੇਂ ਆਏ ਆਪਣੇ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਤੱਕ ਵੀ ਇਸ ਸਮਾਗਮ ਦਾ ਸੱਦਾ ਪਹੁੰਚਾਉਣ ਦੀ ਬੇਨਤੀ ਕੀਤੀ।

ਸੁਸਾਇਟੀ ਵੱਲੋਂ ਦੱਸਿਆ ਗਿਆ ਕਿ ਸਮਾਗਮ ਸਬੰਧੀ ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਦਰਬਾਰਾ ਸਿੰਘ ਗਿੱਲ ਨਾਲ ਫ਼ੋਨ ਨੰਬਰ 778-240-4635 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਿਆਂ ਦੀ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਸ਼ਮੂਲੀਅਤ ਵਧਾਉਣ ਦੀ ਲੋੜ: ਗਿਆਨ ਸਿੰਘ ਸੰਧੂ



**ਸਰੀ, 16 ਅਕਤੂਬਰ (ਹਰਦਮ ਮਾਨ) –** ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ (ਘੀ) ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਗਿਆਨ ਸਿੰਘ ਸੰਧੂ ਨੇ ਉੱਤਰੀ ਅਮਰੀਕਾ ਦੇ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਨੂੰ ਸਿੱਖਿਆ, ਖੋਜ ਅਤੇ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਆਪਸੀ ਸਹਿਯੋਗ ਵਧਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੰਸਥਾਵਾਂ ਨੂੰ ਆਪੋ-ਆਪਣੇ ਦਾਇਰਿਆਂ ਤੋਂ ਬਾਹਰ ਆ ਕੇ ਸਾਂਝੀ ਦੂਰਅੰਦੇਸ਼ੀ ਨਾਲ ਕੰਮ ਕਰਨ ਦੀ ਲੋੜ ਹੈ।

ਸਮੂਹ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਦੇ ਨਾਮ ਜਾਰੀ ਖੁੱਲ੍ਹੇ ਪੱਤਰ ਵਿੱਚ ਸ. ਸੰਧੂ ਨੇ ਦੱਸਿਆ ਕਿ 3 ਅਤੇ 4 ਅਕਤੂਬਰ ਨੂੰ ਸਰੀ ਸਿਟੀ ਹਾਲ ਵਿਖੇ ਕਰਵਾਇਆ ਗਿਆ ਘੀ ਦਾ ਪੰਜਵਾਂ ਅੰਤਰਰਾਸ਼ਟਰੀ ਸਿੱਖ ਰਿਸਰਚ ਸਿਖਰ ਸੰਮੇਲਨ ਅਕਾਦਮਿਕ ਅਤੇ ਭਾਈਚਾਰਕ ਪੱਖੋਂ ਸਫਲ ਰਿਹਾ। ਇਸ ਸੰਮੇਲਨ ਵਿੱਚ ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਵਿਦਵਾਨਾਂ, ਖੋਜੀਆਂ, ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਉਨ੍ਹਾਂ ਨੇ ਗੁਰਦੁਆਰਿਆਂ ਦੀ ਘੱਟ ਸ਼ਮੂਲੀਅਤ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਅਨੁਸਾਰ, ਸੰਮੇਲਨ ਤੋਂ ਪਹਿਲਾਂ 40 ਤੋਂ ਵੱਧ ਗੁਰਦੁਆਰਿਆਂ ਨੇ ਆਪਣੇ ਨੁਮਾਇੰਦੇ ਭੇਜਣ ਦੀ ਸਹਿਮਤੀ ਦਿੱਤੀ ਸੀ, ਪਰ ਅਸਲ ਵਿੱਚ ਕੇਵਲ ਚਾਰ ਗੁਰਦੁਆਰਿਆਂ ਦੇ ਨੁਮਾਇੰਦੇ ਹੀ ਪਹੁੰਚੇ। ਇਸ ਦੇ ਉਲਟ, ਸੱਦਾ ਸਵੀਕਾਰ ਕਰਨ ਵਾਲੀਆਂ ਸਾਰੀਆਂ 13 ਸਿੱਖ ਸੇਵਾ ਸੰਸਥਾਵਾਂ ਨੇ ਸਰਗਰਮੀ ਨਾਲ ਸ਼ਮੂਲੀਅਤ ਕੀਤੀ। ਸ. ਸੰਧੂ ਨੇ ਕਿਹਾ ਕਿ ਸੰਮੇਲਨ ਦਾ ਦੂਜਾ ਦਿਨ ਵਿਸ਼ੇਸ਼ ਤੌਰ 'ਤੇ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਨਾਲ ਵਿਚਾਰ-ਵਟਾਂਦਰੇ ਲਈ ਰੱਖਿਆ ਗਿਆ ਸੀ, ਤਾਂ ਜੋ ਭਾਈਚਾਰੇ ਦੀਆਂ ਲੋੜਾਂ, ਨੌਜਵਾਨਾਂ ਦੇ ਵਿਦਿਅਕ ਅਤੇ ਸਮਾਜਿਕ ਭਵਿੱਖ ਅਤੇ ਸਿੱਖ ਸੰਸਥਾਵਾਂ ਦਰਮਿਆਨ ਸਹਿਯੋਗ ਦੇ ਮੌਕਿਆਂ ਬਾਰੇ ਸਾਂਝੀ ਰਣਨੀਤੀ ਤਿਆਰ ਕੀਤੀ ਜਾ ਸਕੇ।

ਸੰਮੇਲਨ ਦੌਰਾਨ ਕੀਤੇ ਗਏ ਮੁਲਾਂਕਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਗੁਰਦੁਆਰਿਆਂ ਅਤੇ ਸਿੱਖ ਸੇਵਾ ਸੰਸਥਾਵਾਂ ਵਿਚਕਾਰ ਆਪਸੀ ਸਹਿਯੋਗ ਨੂੰ ਪੰਜ ਵਿੱਚੋਂ ਕੇਵਲ 1.7 (34%) ਅੰਕ ਮਿਲੇ ਜਦਕਿ ਗੁਰਦੁਆਰਿਆਂ ਦੀ ਲੰਮੇ ਸਮੇਂ ਦੀ ਦੂਰਅੰਦੇਸ਼ੀ ਨੂੰ ਪੰਜ ਵਿੱਚੋਂ 1.6 (32%) ਅੰਕ ਮਿਲੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਨਤੀਜਿਆਂ ਨੂੰ ਕਿਸੇ ਸੰਸਥਾ ਦੀ ਆਲੋਚਨਾ ਵਜੋਂ ਲੈਣ ਦੀ ਬਜਾਏ ਆਤਮ-ਪੜਚੋਲ ਅਤੇ ਸੁਧਾਰ ਦੇ ਮੌਕੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਲੰਗਰ, ਕੀਰਤਨ, ਗੁਰਮਤਿ ਅਤੇ ਪੰਜਾਬੀ ਦੀ ਸਿੱਖਿਆ ਤੇ ਲੋੜਵੰਦਾਂ ਦੀ ਸਹਾਇਤਾ ਸਮੇਤ ਅਨੇਕਾਂ ਮਹੱਤਵਪੂਰਨ ਸੇਵਾਵਾਂ ਨਿਭਾ ਰਹੇ ਹਨ, ਪਰ ਇਨ੍ਹਾਂ ਦੇ ਨਾਲ-ਨਾਲ ਅਗਲੀ ਪੀੜ੍ਹੀ ਦੀਆਂ ਵਿਦਿਅਕ, ਬੌਧਿਕ ਅਤੇ ਸਮਾਜਿਕ ਲੋੜਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ। ਉੱਚ ਸਿੱਖਿਆ, ਸਿੱਖ ਅਧਿਐਨ ਅਤੇ ਖੋਜ, ਨਵੀਆਂ ਤਕਨਾਲੋਜੀਆਂ, ਮਾਨਸਿਕ ਸਿਹਤ ਅਤੇ ਨੌਜਵਾਨਾਂ ਦਾ ਸਿੱਖੀ ਨਾਲ ਰਿਸ਼ਤਾ ਅਜਿਹੇ ਵਿਸ਼ੇ ਹਨ, ਜਿਨ੍ਹਾਂ ਲਈ ਸਾਂਝੇ ਯਤਨਾਂ ਦੀ ਲੋੜ ਹੈ।

ਗੁਰੂ ਨਾਨਕ ਸਾਹਿਬ ਦੀ ਸੰਵਾਦ ਅਤੇ ਸਰਬ-ਸਾਂਝੀਵਾਲਤਾ ਦੀ ਪਰੰਪਰਾ ਦਾ ਜ਼ਿਕਰ ਕਰਦਿਆਂ ਸ. ਸੰਧੂ ਨੇ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਵੀ ਖੁੱਲ੍ਹੀ ਸੋਚ ਅਪਣਾਉਂਦਿਆਂ ਇੱਕ-ਦੂਜੇ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਘੀ ਇੱਕ ਗੈਰ-ਮੁਨਾਫ਼ਾ, ਚੈਰੀਟੇਬਲ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਪੋਸਟ-ਸੈਕੰਡਰੀ ਸਿੱਖਿਆ ਅਤੇ ਖੋਜ ਅਦਾਰਾ ਹੈ, ਜੋ ਉੱਤਰੀ ਅਮਰੀਕਾ ਵਿੱਚ ਪਹਿਲੀ ਸਿੱਖ ਯੂਨੀਵਰਸਿਟੀ, ਗੁਰੂ ਨਾਨਕ ਯੂਨੀਵਰਸਿਟੀ ਕੈਨੇਡਾ, ਦੀ ਸਥਾਪਨਾ ਵੱਲ ਅੱਗੇ ਵਧ ਰਿਹਾ ਹੈ। ਉਨ੍ਹਾਂ ਅਨੁਸਾਰ, ਇਸ ਯੂਨੀਵਰਸਿਟੀ ਦਾ ਉਦੇਸ਼ ਕੇਵਲ ਸਿੱਖ ਨੌਜਵਾਨਾਂ ਨੂੰ ਸਿੱਖਿਆ ਦੇਣਾ ਨਹੀਂ, ਸਗੋਂ ਹਰ ਧਰਮ ਅਤੇ ਪਿਛੋਕੜ ਦੇ ਵਿਦਿਆਰਥੀਆਂ ਲਈ ਗਿਆਨ, ਖੋਜ ਅਤੇ ਬੌਧਿਕ ਵਿਕਾਸ ਦੇ ਮੌਕੇ ਪੈਦਾ ਕਰਨਾ ਹੈ, ਤਾਂ ਜੋ ਇਸ ਦਾ ਲਾਭ ਸਮੁੱਚੇ ਸਮਾਜ ਨੂੰ ਮਿਲ ਸਕੇ।

ਪੱਤਰ ਦੇ ਅੰਤ ਵਿੱਚ ਸੰਧੂ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਨੌਜਵਾਨਾਂ ਅਤੇ ਔਰਤਾਂ ਨੂੰ ਬਰਾਬਰ ਦੇ ਭਾਗੀਦਾਰ ਬਣਾਉਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਵਿਦਿਅਕ ਅਤੇ ਸਮਾਜਿਕ ਤਰੱਕੀ ਲਈ ਗੁਰਦੁਆਰਿਆਂ, ਵਿਦਿਅਕ ਅਦਾਰਿਆਂ, ਵਿਦਵਾਨਾਂ, ਨੌਜਵਾਨਾਂ ਅਤੇ ਸੇਵਾ ਸੰਸਥਾਵਾਂ ਦਾ ਆਪਸੀ ਸਹਿਯੋਗ ਸਮੇਂ ਦੀ ਅਹਿਮ ਲੋੜ ਹੈ।

# ਭਾਰਤ-ਕੈਨੇਡਾ ਵਪਾਰਕ ਸਬੰਧਾਂ ਵਿਚਾਲੇ ਐੱਸ ਜੇ ਐੱਫ਼ ਦਾ ਐਲਾਨ, 18 ਅਕਤੂਬਰ ਨੂੰ ਐਡਮਿੰਟਨ ਵਿੱਚ ਕਰਵਾਏਗੀ ਰੈਫਰੈਂਡਮ



300 ਤੋਂ ਵੱਧ ਵਪਾਰਕ ਨੁਮਾਇੰਦਿਆਂ ਵਾਲੇ ਕੈਨੇਡੀਅਨ ਵਫ਼ਦ ਦੀ ਭਾਰਤ ਫੇਰੀ ਦੌਰਾਨ ਸਮਾਗਮ ਦਾ ਐਲਾਨ; ਦੋਵੇਂ ਦੇਸ਼ ਵਪਾਰ ਅਤੇ ਰਣਨੀਤਕ ਭਾਈਵਾਲੀ ਵਧਾਉਣ ਲਈ ਯਤਨਸ਼ੀਲ

ਕੈਨੇਡਾ ਵੱਲੋਂ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ 300 ਤੋਂ ਵੱਧ ਵਪਾਰਕ ਨੁਮਾਇੰਦਿਆਂ ਦਾ ਵਫ਼ਦ ਭੇਜੇ ਜਾਣ ਦੌਰਾਨ ਪਾਬੰਦੀਸ਼ੁਦਾ ਖਾਲਿਸਤਾਨ ਪੱਖੀ ਜਥੇਬੰਦੀ ਸਿੱਖਸ ਫਾਰ ਜਸਟਿਸ (ਐੱਸ ਜੇ ਐੱਫ਼) ਨੇ 18 ਅਕਤੂਬਰ ਨੂੰ ਐਡਮਿੰਟਨ, ਅਲਬਰਟਾ ਵਿੱਚ ਰੈਫਰੈਂਡਮ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨ ਅਜਿਹੇ ਸਮੇਂ ਹੋਇਆ ਹੈ ਜਦੋਂ ਭਾਰਤ ਅਤੇ ਕੈਨੇਡਾ ਵਪਾਰ, ਊਰਜਾ, ਤਕਨਾਲੋਜੀ ਅਤੇ ਸੁਰੱਖਿਆ ਸਮੇਤ ਕਈ ਅਹਿਮ ਖੇਤਰਾਂ ਵਿੱਚ ਆਪਸੀ ਸਹਿਯੋਗ ਵਧਾਉਣ ਦੀ ਦਿਸ਼ਾ ਵਿੱਚ ਅੱਗੇ ਵਧ ਰਹੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਹੋਰ ਡੂੰਘਾ ਕਰਨ ’ਤੇ ਸਹਿਮਤ ਹੋਏ ਹਨ। ਇਸ ਵਿੱਚ ਵਪਾਰਕ ਸਹਿਯੋਗ ਦੇ ਨਾਲ ਊਰਜਾ, ਤਕਨਾਲੋਜੀ, ਸੁਰੱਖਿਆ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਾਲੇ ਸੰਪਰਕ ਵਧਾਉਣਾ ਵੀ ਸ਼ਾਮਲ ਹੈ। ਅਜਿਹੇ ਮਾਹੌਲ ਵਿੱਚ ਐੱਸ ਜੇ ਐੱਫ਼ ਵੱਲੋਂ ਐਡਮਿੰਟਨ ਵਿੱਚ ਰੈਫਰੈਂਡਮ ਕਰਵਾਉਣ ਦੇ ਐਲਾਨ ਨੇ ਧਿਆਨ ਖਿੱਚਿਆ ਹੈ।

ਭਾਰਤ ਨਾਲ ਵਧ ਰਹੀ ਵਪਾਰਕ ਭਾਈਵਾਲੀ ਨੂੰ ਦਰਸਾਉਂਦਿਆਂ ਕੈਨੇਡਾ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਆਪਣਾ ਸਭ ਤੋਂ ਵੱਡਾ ਵਪਾਰਕ ਮਿਸ਼ਨ ਭਾਰਤ ਭੇਜਿਆ ਹੈ। ਇਸ ਵਫ਼ਦ ਵਿੱਚ 300 ਤੋਂ ਵੱਧ ਵਪਾਰਕ ਨੁਮਾਇੰਦੇ ਸ਼ਾਮਲ ਹਨ। ਕੈਨੇਡਾ ਦੇ ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਦੀ ਅਗਵਾਈ ਹੇਠ ਇਹ ਵਫ਼ਦ 12 ਤੋਂ 17 ਅਕਤੂਬਰ ਤੱਕ ਮੁੰਬਈ ਅਤੇ ਬੰਗਲੁਰੂ ਦਾ ਦੌਰਾ ਕਰ ਰਿਹਾ ਹੈ।

ਇਸ ਵਪਾਰਕ ਮਿਸ਼ਨ ਦਾ ਮੁੱਖ ਉਦੇਸ਼ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧਾਂ ਦਾ ਵਿਸਥਾਰ ਕਰਨਾ ਅਤੇ ਸਾਲ 2030 ਤੱਕ ਭਾਰਤ ਨਾਲ ਦੁਵੱਲੇ ਵਪਾਰ ਨੂੰ ਦੁੱਗਣੇ ਤੋਂ ਵੀ ਵੱਧ ਪੱਧਰ ’ਤੇ ਲਿਜਾਣ ਦੇ ਕੈਨੇਡਾ ਦੇ ਟੀਚੇ ਨੂੰ ਅੱਗੇ ਵਧਾਉਣਾ ਹੈ।

**ਵਪਾਰ ਨੂੰ 70 ਅਰਬ ਅਮਰੀਕੀ ਡਾਲਰ ਤੱਕ ਪਹੁੰਚਾਉਣ ਦਾ ਟੀਚਾ**

ਕੈਨੇਡਾ ਨੇ ਭਾਰਤ ਨਾਲ ਦੁਵੱਲੇ ਵਪਾਰ ਨੂੰ ਸਾਲ 2030 ਤੱਕ 70 ਅਰਬ ਅਮਰੀਕੀ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਮੌਜੂਦਾ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਲਗਭਗ 30 ਅਰਬ ਅਮਰੀਕੀ ਡਾਲਰ ਦੇ ਪੱਧਰ ’ਤੇ ਦੱਸਿਆ ਗਿਆ ਹੈ।

ਕੈਨੇਡੀਅਨ ਸਰਕਾਰ ਅਨੁਸਾਰ ਸਾਲ 2025 ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਦੁਵੱਲਾ ਵਪਾਰ 30.4 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ ਸੀ, ਜਿਸ ਵਿੱਚ 11 ਅਰਬ ਅਮਰੀਕੀ ਡਾਲਰ ਦਾ ਮਾਲ ਵਪਾਰ ਸ਼ਾਮਲ ਸੀ। ਵਪਾਰਕ ਮਿਸ਼ਨ ਰਾਹੀਂ ਦੋਵਾਂ ਦੇਸ਼ਾਂ ਦੇ ਕਾਰੋਬਾਰੀਆਂ ਨੂੰ ਨਵੇਂ ਭਾਈਵਾਲ ਬਣਾਉਣ ਅਤੇ ਨਿਵੇਸ਼ ਦੇ ਮੌਕੇ ਤਲਾਸ਼ਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਮਨਿੰਦਰ ਸਿੱਧੂ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ਉੱਤੇ ਇੱਕ ਸੁਨੇਹੇ ਵਿੱਚ ਕਿਹਾ ਕਿ ‘ਟੀਮ ਕੈਨੇਡਾ ਵਪਾਰਕ ਮਿਸ਼ਨ’ ਦਾ ਉਦੇਸ਼ ਨਵੀਆਂ ਭਾਈਵਾਲੀਆਂ ਬਣਾਉਣਾ ਅਤੇ ਕੈਨੇਡੀਅਨ ਕਾਮਿਆਂ ਤੇ ਕਾਰੋਬਾਰੀਆਂ ਲਈ ਮੌਕੇ ਪੈਦਾ ਕਰਨਾ ਹੈ। ਉਨ੍ਹਾਂ ਨੇ ਭਾਰਤ ਨਾਲ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਬਾਰੇ ਚੱਲ ਰਹੀ ਗੱਲਬਾਤ ਨੂੰ ਵੀ ਅਹਿਮ ਦੱਸਿਆ।

ਦੋਵੇਂ ਦੇਸ਼ ਇਸ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (ਸੀਈਪੀਏ) ਬਾਰੇ ਗੱਲਬਾਤ ਨੂੰ ਸਾਲ 2026 ਦੇ ਅੰਤ ਤੱਕ ਮੁਕੰਮਲ ਕਰਨ ਦਾ ਟੀਚਾ ਰੱਖ ਰਹੇ ਹਨ। ਪ੍ਰਸਤਾਵਿਤ ਸਮਝੌਤੇ ਤਹਿਤ ਹਵਾਈ ਜਹਾਜ਼ ਨਿਰਮਾਣ ਅਤੇ ਇਸ ਨਾਲ ਸਬੰਧਤ ਤਕਨੀਕ, ਸਾਫ਼ ਊਰਜਾ, ਤਕਨਾਲੋਜੀ, ਜੀਵਨ ਵਿਗਿਆਨ, ਖੇਤੀਬਾੜੀ ਤੇ ਖੁਰਾਕੀ ਉਤਪਾਦਾਂ ਅਤੇ ਜੰਗਲਾਤ ਵਰਗੇ ਖੇਤਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

**ਸੀਈਪੀਏ ਗੱਲਬਾਤ ਵਿੱਚ ਊਰਜਾ ਅਤੇ ਮਹੱਤਵਪੂਰਨ ਖਣਿਜਾਂ ’ਤੇ ਧਿਆਨ**

ਭਾਰਤ ਅਤੇ ਕੈਨੇਡਾ ਵਿਚਾਲੇ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਬਾਰੇ ਗੱਲਬਾਤ ਦਾ ਪੰਜਵਾਂ ਦੌਰ ਇਸ ਮਹੀਨੇ ਦੇ ਸ਼ੁਰੂ ਵਿੱਚ ਓਟਾਵਾ ਵਿੱਚ ਸ਼ੁਰੂ ਹੋਇਆ ਸੀ। ਇਸ ਦੌਰਾਨ ਊਰਜਾ, ਮਹੱਤਵਪੂਰਨ ਖਣਿਜ ਅਤੇ ਹਵਾਈ ਜਹਾਜ਼ ਨਿਰਮਾਣ ਨਾਲ ਜੁੜੇ ਖੇਤਰਾਂ ਨੂੰ ਸਹਿਯੋਗ ਦੇ ਅਹਿਮ ਹਿੱਸਿਆਂ ਵਜੋਂ ਵਿਚਾਰਿਆ ਗਿਆ।

ਇਹ ਗੱਲਬਾਤ ਜੀ-20 ਦੇ ਵਪਾਰ ਮੰਤਰੀਆਂ ਦੀ ਬੈਠਕ ਤੋਂ ਵੱਖਰੇ ਤੌਰ ’ਤੇ ਮਨਿੰਦਰ ਸਿੱਧੂ ਅਤੇ ਭਾਰਤ ਦੇ ਕੇਂਦਰੀ ਵਣਜ ਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਵਿਚਾਲੇ ਹੋਈ ਚਰਚਾ ਤੋਂ ਬਾਅਦ ਅੱਗੇ ਵਧੀ ਹੈ। ਦੋਵੇਂ ਦੇਸ਼ ਨਿਰਮਾਣ, ਤਕਨਾਲੋਜੀ, ਊਰਜਾ ਅਤੇ ਖੇਤੀਬਾੜੀ ਦੇ ਖੇਤਰਾਂ ਵਿੱਚ ਸਾਂਝੇਦਾਰੀ ਦਾ ਘੇਰਾ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਇਸ ਪਹਿਲ ਨੂੰ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਹਿਯੋਗ ਨੂੰ ਨਵੀਂ ਰਫ਼ਤਾਰ ਦੇਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਵਪਾਰਕ ਮਿਸ਼ਨ ਦਾ ਇੱਕ ਉਦੇਸ਼ ਕੈਨੇਡੀਅਨ ਕੰਪਨੀਆਂ ਲਈ ਭਾਰਤੀ ਬਾਜ਼ਾਰ ਵਿੱਚ ਨਵੇਂ ਮੌਕੇ ਲੱਭਣਾ ਅਤੇ ਦੋਵਾਂ ਪਾਸਿਆਂ ਦੇ ਕਾਰੋਬਾਰੀਆਂ ਵਿਚਾਲੇ ਸੰਪਰਕ ਵਧਾਉਣਾ ਵੀ ਹੈ।

**ਨਿੱਜਰ ਕਤਲ ਮਾਮਲੇ ਤੋਂ ਬਾਅਦ ਤਣਾਅਪੂਰਨ ਰਹੇ ਦੋਵਾਂ ਦੇਸ਼ਾਂ ਦੇ ਸਬੰਧ**

ਭਾਰਤ ਅਤੇ ਕੈਨੇਡਾ ਦੇ ਸਬੰਧ ਜੂਨ 2023 ਵਿੱਚ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਜਰ ਦੇ ਕਤਲ ਤੋਂ ਬਾਅਦ ਤਣਾਅਪੂਰਨ ਹੋ ਗਏ ਸਨ। ਉਸ ਸਮੇਂ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਕਤਲ ਦੀ ਸਾਜ਼ਿਸ਼ ਵਿੱਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ, ਜਿਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ ਹੋਰ ਵਧ ਗਿਆ ਸੀ।

ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਵਾਲੀ ਐੱਸ ਜੇ ਐੱਫ਼ ਪਹਿਲਾਂ ਵੀ ਖਾਲਿਸਤਾਨ ਦੇ ਹੱਕ ਵਿੱਚ ਰੈਫਰੈਂਡਮ ਦੇ ਨਾਂ ਹੇਠ ਕਈ ਸਮਾਗਮ ਕਰਵਾ ਚੁੱਕੀ ਹੈ। ਹੁਣ 18 ਅਕਤੂਬਰ ਨੂੰ ਐਡਮਿੰਟਨ ਵਿੱਚ ਹੋਣ ਵਾਲੇ ਐਲਾਨੇ ਗਏ ਸਮਾਗਮ ਨੇ ਦੋਵਾਂ ਦੇਸ਼ਾਂ ਦੇ ਸਬੰਧਾਂ ਦੇ ਮੌਜੂਦਾ ਸੰਦਰਭ ਵਿੱਚ ਧਿਆਨ ਖਿੱਚਿਆ ਹੈ।

ਇਹ ਸਮਾਗਮ ਅਲਬਰਟਾ ਵਿੱਚ ਸਾਲ 2026 ਦੌਰਾਨ ਹੋਣ ਵਾਲੇ ਸੂਬਾਈ ਰੈਫਰੈਂਡਮ ਤੋਂ ਪਹਿਲਾਂ ਵੀ ਹੋ ਰਿਹਾ ਹੈ। ਇਸ ਪ੍ਰਸਤਾਵਿਤ ਸੂਬਾਈ ਰੈਫਰੈਂਡਮ ਵਿੱਚ ਵੋਟਰਾਂ ਤੋਂ ਇਹ ਪੁੱਛੇ ਜਾਣ ਦੀ ਉਮੀਦ ਹੈ ਕਿ ਕੀ ਅਲਬਰਟਾ ਨੂੰ ਕੈਨੇਡਾ ਦਾ ਹਿੱਸਾ ਬਣੇ ਰਹਿਣਾ ਚਾਹੀਦਾ ਹੈ ਜਾਂ ਅਜਿਹੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ, ਜੋ ਅੱਗੇ ਚੱਲ ਕੇ ਕੈਨੇਡਾ ਤੋਂ ਵੱਖ ਹੋਣ ਦੀ ਸੰਭਾਵਨਾ ਪੈਦਾ ਕਰ ਸਕਦੀ ਹੈ।

ਇਸ ਤਰ੍ਹਾਂ ਇੱਕ ਪਾਸੇ ਭਾਰਤ ਅਤੇ ਕੈਨੇਡਾ ਵਪਾਰ ਤੇ ਆਰਥਿਕ ਸਹਿਯੋਗ ਨੂੰ ਵਧਾਉਣ ਲਈ ਯਤਨ ਕਰ ਰਹੇ ਹਨ, ਉੱਥੇ ਦੂਜੇ ਪਾਸੇ ਐੱਸ ਜੇ ਐੱਫ਼ ਵੱਲੋਂ ਐਡਮਿੰਟਨ ਵਿੱਚ ਰੈਫਰੈਂਡਮ ਕਰਵਾਉਣ ਦੇ ਐਲਾਨ ਨੇ ਮੁੜ ਧਿਆਨ ਆਪਣੇ ਵੱਲ ਖਿੱਚਿਆ ਹੈ।

# ਭਾਰਤ-ਕੈਨੇਡਾ ਸਬੰਧਾਂ ਨੂੰ ਨਵੀਂ ਦਿਸ਼ਾ ਦੇਣ ’ਤੇ ਜ਼ੋਰ, ਅਨੀਤਾ ਆਨੰਦ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

## ਵਪਾਰ, ਊਰਜਾ, ਤਕਨਾਲੋਜੀ ਅਤੇ ਸੁਰੱਖਿਆ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਚਰਚਾ; ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਦੀ ਗੱਲਬਾਤ ਛੇਤੀ ਮੁਕੰਮਲ ਕਰਨ ਦੀ ਲੋੜ ’ਤੇ ਵੀ ਦਿੱਤਾ ਜ਼ੋਰ

**ਨਵੀਂ ਦਿੱਲੀ:** ਭਾਰਤ ਅਤੇ ਕੈਨੇਡਾ ਵਿਚਾਲੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਯਤਨਾਂ ਤਹਿਤ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਬੁੱਧਵਾਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਵਪਾਰ, ਤਕਨਾਲੋਜੀ, ਊਰਜਾ, ਸੁਰੱਖਿਆ ਅਤੇ ਸਿੱਖਿਆ ਸਮੇਤ ਕਈ ਅਹਿਮ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।



ਮੁਲਾਕਾਤ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਕੈਨੇਡਾ ਨਾਲ ਉਸਾਰੂ ਅਤੇ ਦੂਰਦਰਸ਼ੀ ਰਣਨੀਤਕ ਭਾਈਵਾਲੀ ਵਿਕਸਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅਨੁਸਾਰ ਦੋਵਾਂ ਦੇਸ਼ਾਂ ਵਿਚਾਲੇ ਮਜ਼ਬੂਤ ਸਹਿਯੋਗ ਨਾਲ ਭਾਰਤ ਅਤੇ ਕੈਨੇਡਾ ਦੇ ਲੋਕਾਂ ਨੂੰ ਲਾਭ ਪਹੁੰਚ ਸਕਦਾ ਹੈ ਅਤੇ ਆਪਸੀ ਸਬੰਧਾਂ ਨੂੰ ਨਵੀਆਂ ਸੰਭਾਵਨਾਵਾਂ ਨਾਲ ਜੋੜਿਆ ਜਾ ਸਕਦਾ ਹੈ।

ਮੋਦੀ ਨੇ ਆਪਣੇ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਮੁਲਾਕਾਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਅਨੀਤਾ ਆਨੰਦ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਖ਼ੁਸ਼ੀ ਹੋਈ। ਉਨ੍ਹਾਂ ਦੱਸਿਆ ਕਿ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਵਪਾਰ, ਤਕਨਾਲੋਜੀ, ਸੁਰੱਖਿਆ, ਊਰਜਾ, ਸਿੱਖਿਆ ਅਤੇ ਲੋਕਾਂ ਵਿਚਾਲੇ ਆਪਸੀ ਸੰਪਰਕ ਨੂੰ ਹੋਰ ਮਜ਼ਬੂਤ ਕਰਨ ਬਾਰੇ ਸਾਰਥਕ ਵਿਚਾਰ-ਵਟਾਂਦਰਾ ਹੋਇਆ।

ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ, ਦੋਵਾਂ ਆਗੂਆਂ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਚੱਲ ਰਹੇ ਯਤਨਾਂ ਦੀ ਸਮੀਖਿਆ ਕੀਤੀ। ਇਸ ਦੇ ਨਾਲ ਹੀ ਵਪਾਰ, ਵਿਗਿਆਨ, ਤਕਨਾਲੋਜੀ, ਰੱਖਿਆ, ਸੁਰੱਖਿਆ, ਊਰਜਾ, ਸਿੱਖਿਆ ਅਤੇ ਬਹੁਪੱਖੀ ਸਹਿਯੋਗ ਦੇ ਖੇਤਰਾਂ ਵਿੱਚ ਸਾਂਝੇਦਾਰੀ ਵਧਾਉਣ ਦੀਆਂ ਸੰਭਾਵਨਾਵਾਂ ’ਤੇ ਵੀ ਚਰਚਾ ਹੋਈ।

ਦੋਵਾਂ ਦੇਸ਼ਾਂ ਵਿਚਾਲੇ ਲੋਕਾਂ ਦੇ ਆਪਸੀ ਸੰਪਰਕ ਨੂੰ ਵੀ ਅਹਿਮੀਅਤ ਦਿੱਤੀ ਗਈ। ਇਸ ਖੇਤਰ ਵਿੱਚ ਸਹਿਯੋਗ ਵਧਾਉਣ ਨਾਲ ਵਿਦਿਆਰਥੀਆਂ, ਪੇਸ਼ੇਵਰਾਂ, ਕਾਰੋਬਾਰੀਆਂ ਅਤੇ ਹੋਰ ਵਰਗਾਂ ਵਿਚਾਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਮੌਕੇ ਪੈਦਾ ਹੋ ਸਕਦੇ ਹਨ।

**ਆਰਥਿਕ ਭਾਈਵਾਲੀ ਸਮਝੌਤੇ ਦੀ ਗੱਲਬਾਤ ਛੇਤੀ ਪੂਰੀ ਕਰਨ ’ਤੇ ਜ਼ੋਰ**

ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਵਿਚਾਲੇ ਗੱਲਬਾਤ ਦੀ ਪ੍ਰਕਿਰਿਆ ਲਗਾਤਾਰ ਜਾਰੀ ਰਹਿਣੀ ਚਾਹੀਦੀ ਹੈ ਅਤੇ ਇਸ ਨੂੰ ਠੋਸ ਨਤੀਜਿਆਂ ਵਿੱਚ ਬਦਲਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਨੇ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (ਸੀਈਪੀਏ) ਬਾਰੇ ਚੱਲ ਰਹੀ ਗੱਲਬਾਤ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਦੀ ਅਹਿਮੀਅਤ ’ਤੇ ਜ਼ੋਰ ਦਿੱਤਾ।

ਇਸ ਸਮਝੌਤੇ ਨੂੰ ਲੈ ਕੇ ਅੱਗੇ ਵਧਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧਾਂ ਨੂੰ ਹੋਰ ਵਿਸਥਾਰ ਦੇਣ ਅਤੇ ਆਰਥਿਕ ਸਹਿਯੋਗ ਲਈ ਨਵੇਂ ਮੌਕੇ ਪੈਦਾ ਕਰਨ ਦੀਆਂ ਸੰਭਾਵਨਾਵਾਂ ਹਨ। ਵਪਾਰ ਅਤੇ ਨਿਵੇਸ਼ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨਾ ਦੋਵਾਂ ਦੇਸ਼ਾਂ ਦੀ ਭਾਈਵਾਲੀ ਦਾ ਅਹਿਮ ਹਿੱਸਾ ਹੈ।

ਮੋਦੀ ਨੇ ਇਸ ਮੌਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਉਹ ਕਾਰਨੀ ਨਾਲ ਅੱਗੇ ਵੀ ਗੱਲਬਾਤ ਜਾਰੀ ਰੱਖਣ ਦੇ ਚਾਹਵਾਨ ਹਨ, ਤਾਂ ਜੋ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਨੂੰ ਹੋਰ ਅੱਗੇ ਲਿਜਾਇਆ ਜਾ ਸਕੇ।

**ਮੋਦੀ ਅਤੇ ਕਾਰਨੀ ਵਿਚਾਲੇ ਫ਼ੋਨ ’ਤੇ ਗੱਲਬਾਤ ਤੋਂ ਅਗਲੇ ਦਿਨ ਹੋਈ ਮੁਲਾਕਾਤ**

ਅਨੀਤਾ ਆਨੰਦ ਅਤੇ ਪ੍ਰਧਾਨ ਮੰਤਰੀ ਮੋਦੀ ਵਿਚਾਲੇ ਇਹ ਮੁਲਾਕਾਤ ਮੋਦੀ ਅਤੇ ਮਾਰਕ ਕਾਰਨੀ ਦਰਮਿਆਨ ਫ਼ੋਨ ’ਤੇ ਹੋਈ ਗੱਲਬਾਤ ਤੋਂ ਇੱਕ ਦਿਨ ਬਾਅਦ ਹੋਈ। ਮੰਗਲਵਾਰ ਨੂੰ ਕਾਰਨੀ ਨਾਲ ਗੱਲਬਾਤ ਤੋਂ ਬਾਅਦ ਮੋਦੀ ਨੇ ਕਿਹਾ ਸੀ ਕਿ ਭਾਰਤ ਅਤੇ ਕੈਨੇਡਾ ਮਿਲ ਕੇ ਵਧੇਰੇ ਸਥਿਰ ਅਤੇ ਖ਼ੁਸ਼ਹਾਲ ਦੁਨੀਆ ਬਣਾਉਣ ਵਿੱਚ ਯੋਗਦਾਨ ਪਾ ਰਹੇ ਹਨ।

ਦੋਵਾਂ ਦੇਸ਼ਾਂ ਦੇ ਆਗੂਆਂ ਵਿਚਾਲੇ ਸੰਪਰਕ ਅਤੇ ਕੈਨੇਡਾ ਦੀ ਵਿਦੇਸ਼ ਮੰਤਰੀ ਦੀ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਨੂੰ ਦੁਵੱਲੇ ਸੰਵਾਦ ਨੂੰ ਅੱਗੇ ਵਧਾਉਣ ਦੇ ਯਤਨਾਂ ਵਜੋਂ ਦੇਖਿਆ ਜਾ ਰਿਹਾ ਹੈ। ਵਪਾਰ, ਤਕਨਾਲੋਜੀ, ਊਰਜਾ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੇ ਨਾਲ-ਨਾਲ ਆਰਥਿਕ ਭਾਈਵਾਲੀ ਸਮਝੌਤੇ ਬਾਰੇ ਗੱਲਬਾਤ ਨੂੰ ਨਤੀਜੇ ਤੱਕ ਪਹੁੰਚਾਉਣਾ ਦੋਵਾਂ ਦੇਸ਼ਾਂ ਦੇ ਸਬੰਧਾਂ ਲਈ ਮਹੱਤਵਪੂਰਨ ਰਹੇਗਾ।

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ 18 ਅਕਤੂਬਰ ਨੂੰ




**ਸਰੀ, 16 ਅਕਤੂਬਰ, (ਹਰਦਮ ਮਾਨ)**-ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ 18 ਅਕਤੂਬਰ (ਐਤਵਾਰ) ਨੂੰ 13ਵਾਂ ਛਿਮਾਹੀ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਨੂੰ ਸਮਰਪਿਤ ਹੋਵੇਗਾ, ਜੋ ਦੁਪਹਿਰ 2:00 ਤੋਂ 4:30 ਵਜੇ ਤੱਕ ਸਿਟੀ ਸੈਂਟਰ ਲਾਇਬ੍ਰੇਰੀ ਸਰੀ (ਰੂਮ ਨੰ: 401) ਵਿਖੇ ਚੱਲੇਗਾ।

ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮਲੂਕ ਚੰਦ ਕਲੇਰ (ਮੋਹੀ) ਨੇ ਦੱਸਿਆ ਕਿ ਸਮਾਗਮ ਦੌਰਾਨ ਕਵੀ ਦਰਬਾਰ ਤੋਂ ਇਲਾਵਾ “ਫੈਸਲਾ” ਵਿਸ਼ੇ ‘ਤੇ ਵਿਚਾਰ-ਚਰਚਾ ਕੀਤੀ ਜਾਵੇਗੀ। ਉਹਨਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਨਿੱਘਾ ਸੱਦਾ ਦਿੱਤਾ ਹੈ।

# ਪੰਜਾਬ ਚੋਣਾਂ ਦੀ ਚਰਚਾ ਵਿਚਾਲੇ ਕੈਨੇਡਾ ਤੋਂ ਭਾਰਤ ਆਉਣ ਵਾਲੀਆਂ ਉਡਾਣਾਂ ਦੇ ਕਿਰਾਏ ਅਸਮਾਨੀ ਚੜ੍ਹੇ

## ਜਨਵਰੀ ਵਿੱਚ ਪੰਜਾਬ ਆਉਣ ਲਈ ਪਰਵਾਸੀ ਭਾਰਤੀਆਂ ਵੱਲੋਂ ਅਗਾਊਂ ਟਿਕਟਾਂ ਦੀ ਬੁਕਿੰਗ; ਕੈਨੇਡਾ ਤੋਂ ਦਿੱਲੀ ਦੀ ਟਿਕਟ 3,000 ਡਾਲਰ ਤੱਕ ਪਹੁੰਚੀ, ਏਜੰਟਾਂ ਦੀ ਭੂਮਿਕਾ ’ਤੇ ਵੀ ਉੱਠੇ ਸਵਾਲ

ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਅਤੇ ਹੋਰ ਪਰਵਾਸੀ ਭਾਰਤੀਆਂ ਵੱਲੋਂ ਭਾਰਤ ਆਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਕੈਨੇਡਾ ਤੋਂ ਭਾਰਤ ਜਾਣ ਵਾਲੀਆਂ ਉਡਾਣਾਂ ਦੇ ਹਵਾਈ ਕਿਰਾਇਆਂ ਵਿੱਚ ਵੱਡਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕਈ ਯਾਤਰੀ ਜਨਵਰੀ ਵਿੱਚ ਪੰਜਾਬ ਆਉਣ ਅਤੇ ਚੋਣਾਂ ਦੇ ਮਾਹੌਲ ਨੂੰ ਨੇੜਿਓਂ ਦੇਖਣ ਲਈ ਪਹਿਲਾਂ ਹੀ ਟਿਕਟਾਂ ਬੁੱਕ ਕਰਵਾ ਰਹੇ ਹਨ।



ਹਵਾਈ ਟਿਕਟਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਰੁਝਾਨ ਖ਼ਾਸ ਤੌਰ ’ਤੇ 15 ਦਸੰਬਰ ਤੋਂ ਲੈ ਕੇ ਫਰਵਰੀ ਦੇ ਪਹਿਲੇ ਹਫ਼ਤੇ ਤੱਕ ਦੀਆਂ ਤਾਰੀਖ਼ਾਂ ਲਈ ਸਾਹਮਣੇ ਆ ਰਿਹਾ ਹੈ। ਕੁਝ ਟਿਕਟ ਏਜੰਟਾਂ ਦਾ ਕਹਿਣਾ ਹੈ ਕਿ ਇਸ ਵਾਧੇ ਪਿੱਛੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਕਾਰਨ ਵਧੀ ਮੰਗ ਵੀ ਇੱਕ ਕਾਰਨ ਹੈ। ਹਾਲਾਂਕਿ, ਕਿਰਾਇਆਂ ਵਿੱਚ ਵਾਧੇ ਦੇ ਹੋਰ ਕਾਰਨ ਵੀ ਦੱਸੇ ਜਾ ਰਹੇ ਹਨ।

ਕੁਝ ਹਵਾਈ ਕੰਪਨੀਆਂ ਨੇ ਜੈੱਟ ਈਂਧਨ ਦੀਆਂ ਕੀਮਤਾਂ ਵਧਣ ਕਾਰਨ ਵਾਧੂ ਈਂਧਨ ਸਰਚਾਰਜ ਲਗਾਇਆ ਹੈ, ਜਿਸ ਨਾਲ ਟਿਕਟਾਂ ਮਹਿੰਗੀਆਂ ਹੋਈਆਂ ਹਨ। ਪਰ ਤਾਰੀਖ਼ਾਂ ਦੇ ਹਿਸਾਬ ਨਾਲ ਕਿਰਾਇਆਂ ਦੀ ਤੁਲਨਾ ਕਰਨ ’ਤੇ ਪਤਾ ਲੱਗਦਾ ਹੈ ਕਿ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਸਿਰਫ਼ ਈਂਧਨ ਦੀਆਂ ਕੀਮਤਾਂ ਨਾਲ ਹੀ ਨਹੀਂ ਜੁੜਿਆ ਹੋਇਆ। ਦਸੰਬਰ ਦੇ ਅੱਧ ਤੋਂ ਜਨਵਰੀ ਦੇ ਆਖ਼ਰੀ ਹਫ਼ਤੇ ਤੱਕ ਦੀਆਂ ਟਿਕਟਾਂ ਦੇ ਕਿਰਾਏ ਵਿੱਚ ਖ਼ਾਸ ਵਾਧਾ ਦੱਸਿਆ ਜਾ ਰਿਹਾ ਹੈ।

**ਦਸੰਬਰ ਤੋਂ ਜਨਵਰੀ ਤੱਕ ਟਿਕਟਾਂ ਦੇ ਕਿਰਾਏ ਵਿੱਚ ਵੱਡਾ ਫ਼ਰਕ**

ਮਿਲੀ ਜਾਣਕਾਰੀ ਅਨੁਸਾਰ, ਦਸੰਬਰ ਦੇ ਪਹਿਲੇ ਹਫ਼ਤੇ ਤੱਕ ਕੈਨੇਡਾ ਤੋਂ ਦਿੱਲੀ ਜਾਣ ਲਈ ਇੱਕ ਯਾਤਰੀ ਦੀ ਟਿਕਟ ਲਗਭਗ 1,700 ਤੋਂ 1,800 ਕੈਨੇਡੀਅਨ ਡਾਲਰ ਵਿੱਚ ਮਿਲ ਰਹੀ ਸੀ। ਪਰ 15 ਦਸੰਬਰ ਤੋਂ ਬਾਅਦ ਦੀਆਂ ਤਾਰੀਖ਼ਾਂ ਲਈ ਕਿਰਾਏ ਵਧ ਕੇ ਜਨਵਰੀ ਦੇ ਆਖ਼ਰੀ ਹਫ਼ਤੇ ਤੱਕ ਲਗਭਗ 3,000 ਡਾਲਰ ਤੱਕ ਪਹੁੰਚ ਰਹੇ ਹਨ। ਫਰਵਰੀ ਦੇ ਪਹਿਲੇ ਹਫ਼ਤੇ ਤੋਂ ਬਾਅਦ ਕਿਰਾਇਆਂ ਵਿੱਚ ਮੁੜ ਕਮੀ ਆਉਣ ਦਾ ਰੁਝਾਨ ਦੱਸਿਆ ਗਿਆ ਹੈ।

ਟਿਕਟਾਂ ਦੀਆਂ ਕੀਮਤਾਂ ਵਿੱਚ ਇਸ ਵਾਧੇ ਲਈ ਹਵਾਈ ਕੰਪਨੀਆਂ ਦੇ ਨਾਲ-ਨਾਲ ਟਿਕਟ ਏਜੰਟਾਂ ਦੀ ਭੂਮਿਕਾ ਬਾਰੇ ਵੀ ਸਵਾਲ ਉਠਾਏ ਜਾ ਰਹੇ ਹਨ। ਜਾਣਕਾਰੀ ਅਨੁਸਾਰ, ਕੁਝ ਏਜੰਟਾਂ ਨੇ ਵਧੇਰੇ ਮੰਗ ਵਾਲੀਆਂ ਤਾਰੀਖ਼ਾਂ ਲਈ ਪਹਿਲਾਂ ਹੀ ਘੱਟ ਕੀਮਤ ’ਤੇ ਵੱਡੀ ਗਿਣਤੀ ਵਿੱਚ ਟਿਕਟਾਂ ਖ਼ਰੀਦ ਲਈਆਂ ਸਨ। ਹੁਣ ਦੱਸਿਆ ਜਾ ਰਿਹਾ ਹੈ ਕਿ ਉਹ ਥੋੜ੍ਹੀ ਜਿਹੀ ਫ਼ੀਸ ਦੇ ਕੇ ਯਾਤਰੀਆਂ ਦੇ ਵੇਰਵੇ ਬਦਲਵਾਉਂਦੇ ਹਨ ਅਤੇ ਟਿਕਟਾਂ ਨੂੰ ਮੌਜੂਦਾ ਉੱਚੇ ਕਿਰਾਇਆਂ ’ਤੇ ਵੇਚਦੇ ਹਨ। ਇਸ ਤਰ੍ਹਾਂ ਦੀ ਪ੍ਰਕਿਰਿਆ ਬਾਰੇ ਕੀਤੇ ਜਾ ਰਹੇ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਹੋਣਾ ਜ਼ਰੂਰੀ ਹੈ।

**ਏਸ਼ੀਆਈ ਰਸਤੇ ਮੁੜ ਸ਼ੁਰੂ ਹੋਣ ਦੇ ਬਾਵਜੂਦ ਕਿਰਾਏ ਨਹੀਂ ਘਟੇ**

ਕੋਵਿਡ ਮਹਾਮਾਰੀ ਦੌਰਾਨ ਰੱਦ ਹੋਈਆਂ ਕੁਝ ਉਡਾਣਾਂ ਅਤੇ ਏਸ਼ੀਆਈ ਹਵਾਈ ਰਸਤਿਆਂ ’ਤੇ ਮੁੜ ਸੇਵਾਵਾਂ ਸ਼ੁਰੂ ਹੋਣ ਨਾਲ ਪਹਿਲਾਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਕੈਨੇਡਾ ਤੋਂ ਭਾਰਤ ਜਾਣ ਵਾਲੀਆਂ ਟਿਕਟਾਂ ਦੇ ਕਿਰਾਇਆਂ ਵਿੱਚ ਕਮੀ ਆਵੇਗੀ। ਚੀਨ, ਦੱਖਣੀ ਕੋਰੀਆ, ਤਾਇਵਾਨ ਅਤੇ ਹਾਂਗਕਾਂਗ ਰਾਹੀਂ ਯਾਤਰਾ ਦੇ ਵਿਕਲਪ ਵਧਣ ਨਾਲ ਹਵਾਈ ਕੰਪਨੀਆਂ ਵਿਚਾਲੇ ਮੁਕਾਬਲਾ ਵਧਣ ਦੀ ਸੰਭਾਵਨਾ ਵੀ ਜਤਾਈ ਗਈ ਸੀ।

ਪਰ ਮੌਜੂਦਾ ਜਾਣਕਾਰੀ ਮੁਤਾਬਕ, ਪੰਜਾਬ ਚੋਣਾਂ ਤੋਂ ਪਹਿਲਾਂ ਦੇ ਸਮੇਂ ਵਿੱਚ ਕਿਰਾਏ ਘਟਣ ਦੀ ਬਜਾਏ ਵਧੇ ਹੋਏ ਹਨ। ਖ਼ਾਸ ਕਰਕੇ ਵੈਨਕੂਵਰ ਜਾਂ ਕੈਲਗਰੀ ਤੋਂ ਦਿੱਲੀ ਜਾਣ ਵਾਲੇ ਯਾਤਰੀਆਂ ਨੂੰ ਵਧੇਰੇ ਖ਼ਰਚ ਕਰਨਾ ਪੈ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਵੈਨਕੂਵਰ ਤੋਂ ਬੀਜਿੰਗ ਜਾਂ ਸਿਓਲ ਰਾਹੀਂ ਦਿੱਲੀ ਜਾਣ ਵਾਲੀ ਆਉਣ-ਜਾਣ ਦੀ ਟਿਕਟ, ਜਿਸ ਦਾ ਕਿਰਾਇਆ ਪਹਿਲਾਂ ਲਗਭਗ 900 ਡਾਲਰ ਦੇ ਨੇੜੇ ਹੁੰਦਾ ਸੀ, ਹੁਣ ਦੁੱਗਣੇ ਤੋਂ ਵੀ ਵੱਧ ਹੋ ਗਿਆ ਹੈ। ਦਸੰਬਰ ਵਿੱਚ ਕੁਝ ਤਾਰੀਖ਼ਾਂ ਲਈ ਇਹ ਕਿਰਾਇਆ ਪਹਿਲਾਂ ਦੇ ਮੁਕਾਬਲੇ ਢਾਈ ਗੁਣਾ ਤੱਕ ਦੱਸਿਆ ਜਾ ਰਿਹਾ ਹੈ।

ਕੈਨੇਡਾ ਤੋਂ ਪੰਜਾਬ ਆਉਣ ਦੀ ਯੋਜਨਾ ਬਣਾ ਰਹੇ ਯਾਤਰੀਆਂ ਲਈ ਇਸ ਵਾਧੇ ਨੇ ਯਾਤਰਾ ਦਾ ਬਜਟ ਵਧਾ ਦਿੱਤਾ ਹੈ। ਜਨਵਰੀ ਵਿੱਚ ਆਉਣ ਵਾਲਿਆਂ ਦੀ ਮੰਗ, ਈਂਧਨ ਸਰਚਾਰਜ, ਉਡਾਣਾਂ ਵਿੱਚ ਉਪਲਬਧ ਸੀਟਾਂ ਅਤੇ ਟਿਕਟਾਂ ਦੀ ਮੁੜ ਵਿਕਰੀ ਵਰਗੇ ਕਾਰਕਾਂ ਕਾਰਨ ਕਿਰਾਇਆਂ ਵਿੱਚ ਫ਼ਰਕ ਪੈ ਰਿਹਾ ਹੈ। ਇਸ ਲਈ ਯਾਤਰੀਆਂ ਨੂੰ ਟਿਕਟ ਬੁੱਕ ਕਰਵਾਉਣ ਤੋਂ ਪਹਿਲਾਂ ਵੱਖ-ਵੱਖ ਹਵਾਈ ਕੰਪਨੀਆਂ ਅਤੇ ਰਸਤਿਆਂ ਦੇ ਕਿਰਾਇਆਂ ਦੀ ਤੁਲਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

# ਸਰੀ ਰਨਰਜ਼ ਵੱਲੋਂ ਬੇਅਰ ਕਰੀਕ ਪਾਰਕ ਵਿੱਚ ਕਰਵਾਈ ਮੈਰਾਥਨ ਦੌੜ ਨੂੰ ਭਰਵਾਂ ਹੁੰਗਾਰਾ

## ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਦਿੱਤਾ ਸੁਨੇਹਾ; ਵੱਖ-ਵੱਖ ਉਮਰ ਵਰਗਾਂ ਦੇ ਕਰੀਬ 200 ਦੌੜਾਕਾਂ ਨੇ ਲਿਆ ਹਿੱਸਾ





**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) :** ਸਰੀ ਦੀ ਸਮਾਜ ਸੇਵੀ ਅਤੇ ਖੇਡ ਸੰਸਥਾ ‘ਸਰੀ ਰਨਰਜ਼’ ਵੱਲੋਂ ਸਥਾਨਕ ਵੱਖ-ਵੱਖ ਭਾਈਚਾਰਿਆਂ ਦੇ ਸਹਿਯੋਗ ਨਾਲ ਸਰੀ ਦੇ ਬੇਅਰ ਕਰੀਕ ਪਾਰਕ ਵਿਖੇ ਮੈਰਾਥਨ ਦੌੜ ਦਾ ਆਯੋਜਨ ਕੀਤਾ ਗਿਆ। ਇਸ ਦੌੜ ਵਿੱਚ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਸਮੇਤ ਵੱਖ-ਵੱਖ ਉਮਰ ਵਰਗਾਂ ਦੇ ਕਰੀਬ 200 ਦੌੜਾਕਾਂ ਨੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਦੌੜਾਕਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਸਥਾਨਕ ਭਾਈਚਾਰੇ ਦੇ ਲੋਕਾਂ ਵਿੱਚ ਵੀ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ।

ਇਸ ਮੈਰਾਥਨ ਦੇ ਮੁੱਖ ਆਯੋਜਕ ਸਿਮਰ ਸਿੰਘ ਬਟਾਲੀਆ ਨੇ ਬੀਸੀ ਪੰਜਾਬੀ ਨਿਊਜ਼ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਰੀਬ ਇੱਕ ਸਾਲ ਪਹਿਲਾਂ ਹੋਂਦ ਵਿੱਚ ਆਈ ਸੰਸਥਾ ‘ਸਰੀ ਰਨਰਜ਼’ ਦੇ ਪ੍ਰਬੰਧਕਾਂ ਦੀ ਲੰਮੇ ਸਮੇਂ ਤੋਂ ਇੱਛਾ ਸੀ ਕਿ ਸਰੀ ਸ਼ਹਿਰ ਵਿੱਚ ਵੱਡੇ ਪੱਧਰ ‘ਤੇ ਮੈਰਾਥਨ ਦੌੜ ਕਰਵਾਈ ਜਾਵੇ, ਜਿਸ ਵਿੱਚ ਹਰ ਉਮਰ ਅਤੇ ਹਰ ਭਾਈਚਾਰੇ ਦੇ ਲੋਕਾਂ ਨੂੰ ਸ਼ਾਮਲ ਹੋਣ ਦਾ ਮੌਕਾ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸੇ ਉਦੇਸ਼ ਦੀ ਪੂਰਤੀ ਲਈ ਸੰਸਥਾ ਵੱਲੋਂ ਇਹ ਉਪਰਾਲਾ ਕੀਤਾ ਗਿਆ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਸਿਮਰ ਸਿੰਘ ਬਟਾਲੀਆ ਨੇ ਅੱਗੇ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖ ਕੇ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਨਾਲ ਜੋੜਨਾ ਹੈ। ਇਸ ਦੇ ਨਾਲ ਹੀ ਹਰ ਉਮਰ ਦੇ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰਨਾ ਅਤੇ ਤੰਦਰੁਸਤ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਵੀ ਇਸ ਉਪਰਾਲੇ ਦਾ ਅਹਿਮ ਹਿੱਸਾ ਹੈ।

ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਚੁਣੌਤੀਆਂ ਤੋਂ ਬਚਾਉਣਾ ਬੇਹੱਦ ਜ਼ਰੂਰੀ ਹੈ, ਉੱਥੇ ਹੀ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਵਰਗ ਨੂੰ ਖੇਡਾਂ ਅਤੇ ਕਸਰਤ ਨਾਲ ਜੋੜਨ ਦੀ ਵੀ ਵੱਡੀ ਲੋੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਖੇਡ ਸਮਾਗਮ ਨਾ ਸਿਰਫ਼ ਲੋਕਾਂ ਨੂੰ ਸਰੀਰਕ ਤੌਰ ‘ਤੇ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰਦੇ ਹਨ, ਸਗੋਂ ਵੱਖ-ਵੱਖ ਭਾਈਚਾਰਿਆਂ ਵਿੱਚ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਨੂੰ ਵੀ ਮਜ਼ਬੂਤ ਬਣਾਉਂਦੇ ਹਨ।

ਇਸ ਮੈਰਾਥਨ ਦੌੜ ਵਿੱਚ ਸਰੀ ਦੀ ਮੌਜੂਦਾ ਮੇਅਰ ਬਰੈਂਡਾ ਲੌਕ, ਇਮੇਜਿਨ ਸਰੀ ਸਲੇਟ ਵੱਲੋਂ ਕੌਂਸਲਰ ਉਮੀਦਵਾਰ ਪਰਮਿੰਦਰ ਚੌਹਾਨ, ਜੈਸੀ ਸੁਨੜ ਅਤੇ ਚੜ੍ਹਦੀ ਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੇ ਸੰਸਥਾਪਕ ਜਸਵਿੰਦਰ ਸਿੰਘ ਦਿਲਾਵਰੀ ਨੇ ਵਿਸ਼ੇਸ਼ ਤੌਰ ‘ਤੇ ਸ਼ਿਰਕਤ ਕੀਤੀ।

ਇਸ ਮੌਕੇ ਪਹੁੰਚੀਆਂ ਉਕਤ ਸ਼ਖ਼ਸੀਅਤਾਂ ਨੇ ਮੈਰਾਥਨ ਵਿੱਚ ਭਾਗ ਲੈਣ ਵਾਲੇ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ‘ਸਰੀ ਰਨਰਜ਼’ ਦੇ ਪ੍ਰਬੰਧਕਾਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਅਜਿਹੇ ਸਮਾਗਮਾਂ ਨੂੰ ਸਮਾਜ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ ਲਈ ਮਹੱਤਵਪੂਰਨ ਦੱਸਦਿਆਂ ਆਸ ਪ੍ਰਗਟਾਈ ਕਿ ਸੰਸਥਾ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰੱਖੇਗੀ।

ਸਮਾਗਮ ਦੇ ਅੰਤ ਵਿੱਚ ਮੁੱਖ ਆਯੋਜਕ ਸਿਮਰ ਸਿੰਘ ਬਟਾਲੀਆ ਨੇ ਮੈਰਾਥਨ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਵਾਲੇ ਸਮੂਹ ਭਾਈਚਾਰਿਆਂ, ਵਿਸ਼ੇਸ਼ ਮਹਿਮਾਨਾਂ, ਵਲੰਟੀਅਰਾਂ ਅਤੇ ਦੌੜਾਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਮੈਰਾਥਨ ਨੇ ਜਿੱਥੇ ਖੇਡਾਂ ਪ੍ਰਤੀ ਲੋਕਾਂ ਦੇ ਵਧ ਰਹੇ ਰੁਝਾਨ ਨੂੰ ਉਜਾਗਰ ਕੀਤਾ, ਉੱਥੇ ਹੀ ‘ਨਸ਼ਿਆਂ ਤੋਂ ਦੂਰ ਰਹੋ, ਖੇਡਾਂ ਨਾਲ ਜੁੜੋ ਅਤੇ ਸਿਹਤਮੰਦ ਜੀਵਨ ਜੀਓ’ ਦਾ ਸੁਨੇਹਾ ਵੀ ਦਿੱਤਾ।

# ਵਿਕਟੋਰੀਆ ਮੈਰਾਥਨ ਵਿੱਚ ਸੀਜੇ ਸਿੱਧੂ ਦੇ ਦੋਵੇਂ ਪੁੱਤਰਾਂ ਨੇ 42.2 ਕਿਲੋਮੀਟਰ ਦੀ ਦੌੜ ਕੀਤੀ ਪੂਰੀ

## ਰਾਇਲ ਵਿਕਟੋਰੀਆ ਮੈਰਾਥਨ ਵਿੱਚ ਪੁੱਤਰਾਂ ਦੀ ਸ਼ਾਨਦਾਰ ਪ੍ਰਾਪਤੀ ’ਤੇ ਪਿਤਾ ਸੀਜੇ ਸਿੱਧੂ ਨੇ ਪ੍ਰਗਟਾਈ ਖ਼ੁਸ਼ੀ, ਪਰਿਵਾਰ ਲਈ ਬਣਿਆ ਮਾਣਮੱਤਾ ਪਲ





**ਸਰੀ/ਵਿਕਟੋਰੀਆ (ਮਹੇਸ਼ਇੰਦਰ ਸਿੰਘ ਮਾਂਗਟ):** ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿਖੇ ਬੀਤੇ ਦਿਨੀਂ ਕਰਵਾਈ ਗਈ ਪ੍ਰਸਿੱਧ ਰਾਇਲ ਵਿਕਟੋਰੀਆ ਮੈਰਾਥਨ ਵਿੱਚ ਸਾਡੇ ਮਿੱਤਰ ਸੀਜੇ ਸਿੱਧੂ ਦੇ ਦੋਵੇਂ ਪੁੱਤਰਾਂ ਨੇ 42.2 ਕਿਲੋਮੀਟਰ ਦੀ ਪੂਰੀ ਮੈਰਾਥਨ ਦੌੜ ਸਫ਼ਲਤਾਪੂਰਵਕ ਮੁਕੰਮਲ ਕਰਕੇ ਆਪਣੇ ਪਰਿਵਾਰ ਦਾ ਮਾਣ ਵਧਾਇਆ।

ਇਸ ਮੈਰਾਥਨ ਵਿੱਚ ਦੋਵਾਂ ਨੌਜਵਾਨਾਂ ਨੇ ਹਿੰਮਤ, ਮਿਹਨਤ, ਦ੍ਰਿੜ੍ਹ ਇਰਾਦੇ ਅਤੇ ਸਰੀਰਕ ਸਮਰੱਥਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੌੜ ਪੂਰੀ ਕਰਨ ਦਾ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ।

ਇਸ ਮੌਕੇ ਉਨ੍ਹਾਂ ਦੇ ਪਿਤਾ ਸੀਜੇ ਸਿੱਧੂ ਵੀ ਦੌੜ ਦੀ ਸਮਾਪਤੀ ਵਾਲੇ ਸਥਾਨ ‘ਤੇ ਮੌਜੂਦ ਸਨ। ਆਪਣੇ ਦੋਵੇਂ ਪੁੱਤਰਾਂ ਨੂੰ ਮੈਰਾਥਨ ਦੀ ਫਿਨਿਸ਼ ਲਾਈਨ ਪਾਰ ਕਰਦਿਆਂ ਦੇਖਣਾ ਉਨ੍ਹਾਂ ਲਈ ਬੇਹੱਦ ਖ਼ੁਸ਼ੀ ਅਤੇ ਮਾਣ ਵਾਲਾ ਪਲ ਸੀ।

ਆਪਣੀ ਖ਼ੁਸ਼ੀ ਸਾਂਝੀ ਕਰਦਿਆਂ ਸੀਜੇ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਦੋਵੇਂ ਪੁੱਤਰਾਂ ਵੱਲੋਂ ਰਾਇਲ ਵਿਕਟੋਰੀਆ ਮੈਰਾਥਨ ਦੀ ਪੂਰੀ 42.2 ਕਿਲੋਮੀਟਰ ਦੌੜ ਸਫ਼ਲਤਾਪੂਰਵਕ ਮੁਕੰਮਲ ਕਰਨਾ ਪਰਿਵਾਰ ਲਈ ਇੱਕ ਯਾਦਗਾਰੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਇੱਕ ਪਿਤਾ ਵਜੋਂ ਆਪਣੇ ਬੱਚਿਆਂ ਨੂੰ ਅਜਿਹਾ ਮਹੱਤਵਪੂਰਨ ਮੀਲ ਪੱਥਰ ਹਾਸਲ ਕਰਦਿਆਂ ਆਪਣੀਆਂ ਅੱਖਾਂ ਸਾਹਮਣੇ ਦੇਖਣਾ ਬਹੁਤ ਹੀ ਮਾਣ ਵਾਲੀ ਗੱਲ ਹੈ।

ਇਸ ਪ੍ਰਾਪਤੀ ਦੀ ਖ਼ੁਸ਼ੀ ਪਰਿਵਾਰਕ ਮੈਂਬਰਾਂ ਅਤੇ ਮਿੱਤਰਾਂ ਵੱਲੋਂ ਵੀ ਸਾਂਝੀ ਕੀਤੀ ਗਈ। ਦੋਵਾਂ ਨੌਜਵਾਨਾਂ ਦੀ ਇਹ ਸਫ਼ਲਤਾ ਹੋਰਨਾਂ ਨੌਜਵਾਨਾਂ ਲਈ ਵੀ ਪ੍ਰੇਰਨਾ ਸਰੋਤ ਹੈ ਕਿ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਵੱਡੇ ਤੋਂ ਵੱਡੇ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ।

# ਸਰੀ ਵਿੱਚ ਸੇਫ ਸਰੀ ਕੋਲੀਸ਼ਨ ਦੀ ਚੋਣ ਰੈਲੀ ਦੌਰਾਨ ਸਮਰਥਕਾਂ ਦਾ ਭਰਵਾਂ ਇਕੱਠ

## ਡੱਗ ਮੈਕੈਲਮ ਨੇ ਆਪਣੇ ਪਿਛਲੇ ਕਾਰਜਕਾਲ ਦੀਆਂ ਪ੍ਰਾਪਤੀਆਂ ਗਿਣਾਈਆਂ, ਚੋਣ ਵਾਅਦੇ ਪੂਰੇ ਕਰਨ ਦਾ ਦਿੱਤਾ ਭਰੋਸਾ

## ਮਨਦੀਪ ਨਾਗਰਾ ਸਮੇਤ ਸਮੁੱਚੀ ਟੀਮ ਨੇ ਸਰੀ ਦੇ ਵਿਕਾਸ ਅਤੇ ਲੋਕ ਭਲਾਈ ਲਈ ਆਪਣਾ ਵਿਜ਼ਨ ਕੀਤਾ ਸਾਂਝਾ




**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) :** ਸਰੀ ਦੀਆਂ 17 ਅਕਤੂਬਰ ਨੂੰ ਹੋਣ ਜਾ ਰਹੀਆਂ ਮਿਉਂਸਪਲ ਚੋਣਾਂ ਦੇ ਮੱਦੇਨਜ਼ਰ ਸੇਫ ਸਰੀ ਕੋਲੀਸ਼ਨ ਸਲੇਟ ਵੱਲੋਂ ਆਪਣੀਆਂ ਚੋਣ ਸਰਗਰਮੀਆਂ ਤੇਜ਼ ਕਰਦਿਆਂ ਸਰੀ ਦੇ ਗ੍ਰੈਂਡ ਐਂਪਾਇਰ ਬੈਂਕੁਇਟ ਹਾਲ ਵਿਖੇ ਇੱਕ ਚੋਣ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਸਲੇਟ ਦੇ ਸਮਰਥਕਾਂ, ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਅਤੇ ਸ਼ਹਿਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸਰੀ ਦੇ ਸਾਬਕਾ ਮੇਅਰ ਅਤੇ ਸੇਫ ਸਰੀ ਕੋਲੀਸ਼ਨ ਵੱਲੋਂ ਮੇਅਰ ਦੇ ਅਹੁਦੇ ਲਈ ਚੋਣ ਲੜ ਰਹੇ ਡੱਗ ਮੈਕੈਲਮ ਨੇ ਆਪਣੇ ਪਿਛਲੇ ਮੇਅਰ ਕਾਰਜਕਾਲ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ ਅਤੇ ਪ੍ਰਾਪਤੀਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਸਰੀ ਦੇ ਵਿਕਾਸ ਅਤੇ ਲੋਕਾਂ ਦੀਆਂ ਸਹੂਲਤਾਂ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਗਏ ਸਨ।

ਡੱਗ ਮੈਕੈਲਮ ਨੇ ਦਾਅਵਾ ਕੀਤਾ ਕਿ ਜੇਕਰ ਸਰੀ ਦੇ ਵੋਟਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਸਮੁੱਚੀ ਕੌਂਸਲਰ ਟੀਮ ਨੂੰ ਮੁੜ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਚੋਣਾਂ ਦੌਰਾਨ ਕੀਤੇ ਗਏ ਹਰ ਵਾਅਦੇ ਨੂੰ ਪੂਰਾ ਕਰਨ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰੀ ਦੇ ਸਰਬਪੱਖੀ ਵਿਕਾਸ, ਲੋਕ ਭਲਾਈ ਅਤੇ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਟੀਮ ਦੀਆਂ ਮੁੱਖ ਤਰਜੀਹਾਂ ਹੋਣਗੀਆਂ।

ਇਸ ਮੌਕੇ ਸੇਫ ਸਰੀ ਕੋਲੀਸ਼ਨ ਦੇ ਪੰਜਾਬੀ ਮੂਲ ਦੇ ਕੌਂਸਲਰ ਉਮੀਦਵਾਰ ਮਨਦੀਪ ਸਿੰਘ ਨਾਗਰਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਚੋਣ ਮੁਹਿੰਮ ਦੌਰਾਨ ਉਨ੍ਹਾਂ ਦੀ ਟੀਮ ਨੂੰ ਸਰੀ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ਼ਹਿਰ ਵਾਸੀ ਦੂਜੀਆਂ ਸਿਆਸੀ ਸਲੇਟਾਂ ਵੱਲੋਂ ਕੀਤੇ ਜਾ ਰਹੇ ਲੁਭਾਵਣੇ ਵਾਅਦਿਆਂ ਤੋਂ ਅੱਕ ਚੁੱਕੇ ਹਨ ਅਤੇ ਹੁਣ ਉਹ ਸ਼ਹਿਰ ਵਿੱਚ ਬਦਲਾਅ ਦੇਖਣਾ ਚਾਹੁੰਦੇ ਹਨ।

ਨਾਗਰਾ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਿਹਾ ਸਮਰਥਨ ਉਨ੍ਹਾਂ ਦੀ ਸਮੁੱਚੀ ਟੀਮ ਲਈ ਉਤਸ਼ਾਹਜਨਕ ਹੈ। ਉਨ੍ਹਾਂ ਸੇਫ ਸਰੀ ਕੋਲੀਸ਼ਨ ਦੇ ਸਾਰੇ ਉਮੀਦਵਾਰਾਂ ਦੀ ਜਿੱਤ ਦਾ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਟੀਮ ਸਰੀ ਵਾਸੀਆਂ ਦੀਆਂ ਉਮੀਦਾਂ ‘ਤੇ ਖਰਾ ਉਤਰਨ ਲਈ ਵਚਨਬੱਧ ਹੈ।

ਇਸ ਚੋਣ ਰੈਲੀ ਦੌਰਾਨ ਸੇਫ ਸਰੀ ਕੋਲੀਸ਼ਨ ਦੀ ਨੌਜਵਾਨ ਕੌਂਸਲਰ ਉਮੀਦਵਾਰ ਸੁਹਾਨਾ ਗਿੱਲ ਤੋਂ ਇਲਾਵਾ ਮੀਰਾ ਗਿੱਲ, ਲੌਰੀ ਗੁਏਰਾ, ਐਲੀਸਨ ਪੈਟਨ, ਚੈਨੀ ਕਲੋਕ ਅਤੇ ਡੱਗ ਐਲਫੋਰਡ ਨੇ ਵੀ ਆਪੋ-ਆਪਣੇ ਸੰਖੇਪ ਸੰਬੋਧਨਾਂ ਦੌਰਾਨ ਸਲੇਟ ਦੀਆਂ ਨੀਤੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵਿਚਾਰ ਸਾਂਝੇ ਕੀਤੇ।

ਇਨ੍ਹਾਂ ਬੁਲਾਰਿਆਂ ਨੇ ਸ਼ਹਿਰ ਦੇ ਵਿਕਾਸ, ਜਨਤਕ ਸੁਰੱਖਿਆ, ਬੁਨਿਆਦੀ ਢਾਂਚੇ ਅਤੇ ਲੋਕਾਂ ਨੂੰ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਸਰੀ ਵਾਸੀਆਂ ਨੂੰ ਸੇਫ ਸਰੀ ਕੋਲੀਸ਼ਨ ਦੀ ਟੀਮ ਦਾ ਸਾਥ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਉੱਘੇ ਰਿਐਲਟਰ ਸੰਦੀਪ ਤੂਰ ਨੇ ਵੀ ਇਕੱਠ ਨੂੰ ਸੰਬੋਧਨ ਕਰਦਿਆਂ ਸਰੀ ਦੇ ਵਿਕਾਸ ਨਾਲ ਜੁੜੇ ਮੁੱਦਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸੇਫ ਸਰੀ ਕੋਲੀਸ਼ਨ ਦੇ ਉਮੀਦਵਾਰਾਂ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ।

ਇਸ ਚੋਣ ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਉੱਘੇ ਰੇਡੀਓ ਹੋਸਟ ਹਰਜੀਤ ਸਿੰਘ ਗਿੱਲ, ਬਰਿੰਦਰ ਢਿੱਲੋਂ, ਦਵਿੰਦਰ ਧਾਲੀਵਾਲ, ਪਿੰਦਰ ਧਾਲੀਵਾਲ ਅਤੇ ਅਸ਼ਮੀਤ ਚਾਹਲ ਸਮੇਤ ਵੱਖ-ਵੱਖ ਖੇਤਰਾਂ ਨਾਲ ਸਬੰਧਤ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਸੇਫ ਸਰੀ ਕੋਲੀਸ਼ਨ ਦੇ ਸਮਰਥਕ ਹਾਜ਼ਰ ਸਨ।

ਰੈਲੀ ਦੌਰਾਨ ਸੇਫ ਸਰੀ ਕੋਲੀਸ਼ਨ ਦੇ ਆਗੂਆਂ ਨੇ ਆਉਣ ਵਾਲੀਆਂ ਮਿਉਂਸਪਲ ਚੋਣਾਂ ਨੂੰ ਸਰੀ ਦੇ ਭਵਿੱਖ ਲਈ ਮਹੱਤਵਪੂਰਨ ਦੱਸਦਿਆਂ ਆਪਣੀ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਨ ਅਤੇ ਸ਼ਹਿਰ ਵਾਸੀਆਂ ਤੱਕ ਆਪਣੀਆਂ ਨੀਤੀਆਂ ਪਹੁੰਚਾਉਣ ਦੀ ਗੱਲ ਆਖੀ।



# ਸੰਪਾਦਕੀ

## ਅਮਰੀਕੀ ਵੀਜ਼ਾ ਪਾਬੰਦੀਆਂ

ਅਮਰੀਕਾ ਵੱਲੋਂ ਅੱਠ ਪ੍ਰਮੁੱਖ ਤਕਨਾਲੋਜੀ ਕੰਪਨੀਆਂ- ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ ਸੀ ਐੱਸ), ਵਿਪਰੋ, ਐੱਚ ਸੀ ਐੱਲ, ਕੋਗਨੀਜ਼ੈਂਟ, ਮਾਈਕ੍ਰੋਸੌਫਟ, ਅਡੋਬ ਅਤੇ ਕੈਪਜੈਮਿਨੀ- ਨੂੰ ਸਥਾਈ ਕਿਰਤ ਪ੍ਰਮਾਣੀਕਰਨ (ਪਰਮ) ਪ੍ਰੋਗਰਾਮ ਤੋਂ ਮੁਅੱਤਲ ਕਰਨ ਦੇ ਫ਼ੈਸਲੇ ਨੇ ਪਰਵਾਸ, ਰੁਜ਼ਗਾਰ ਅਤੇ ਸੁਰੱਖਿਆਵਾਦ ਬਾਰੇ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਕਰਨਾ ਨੀਤੀਗਤ ਤੌਰ ’ਤੇ ਵਾਜਬ ਉਦੇਸ਼ ਹੈ, ਪਰ ਇਸ ਵਿਆਪਕ ਕਾਰਵਾਈ ਨੇ ਨਿਰਪੱਖਤਾ, ਕਾਨੂੰਨੀ ਪ੍ਰਕਿਰਿਆ ਅਤੇ ਭਾਰਤ-ਅਮਰੀਕਾ ਆਰਥਿਕ ਸਹਿਯੋਗ ਦੇ ਭਵਿੱਖ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਟਰੰਪ ਪ੍ਰਸ਼ਾਸਨ ਇਹ ਦੋਸ਼ ਲਗਾਉਂਦਾ ਹੈ ਕਿ ਕੁਝ ਕੰਪਨੀਆਂ ਨੇ ਅਮਰੀਕੀ ਮੁਲਾਜ਼ਮਾਂ ਦੀ ਥਾਂ ਘੱਟ ਤਨਖ਼ਾਹ ’ਤੇ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਲਈ ਵੀਜ਼ਾ ਪ੍ਰੋਗਰਾਮਾਂ ਦੀ ਦੁਰਵਰਤੋਂ ਕੀਤੀ ਹੈ। ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਵੱਲੋਂ ਐੱਚ-1ਬੀ ਵੀਜ਼ੇ ’ਤੇ ਕੰਮ ਕਰਨ ਵਾਲੇ ਪੇਸ਼ੇਵਰਾਂ ਨੂੰ ‘ਬੰਧੂਆ ਮਜ਼ਦੂਰ’ ਕਹਿਣਾ ਇਸ ਟਕਰਾਅਪੂਰਨ ਪਹੁੰਚ ਨੂੰ ਦਰਸਾਉਂਦਾ ਹੈ। ਵੀਜ਼ਾ ਧੋਖਾਧੜੀ, ਤਨਖ਼ਾਹਾਂ ’ਚ ਵਾਧਾ ਨਾ ਕਰਨਾ ਜਾਂ ਭਰਤੀ ਵਿੱਚ ਵਿਤਕਰੇ ਸਬੰਧੀ ਕਿਸੇ ਵੀ ਭਰੋਸੇਯੋਗ ਸਬੂਤ ਦੀ ਜਾਂਚ ਹੋਣੀ ਚਾਹੀਦੀ ਹੈ, ਪਰ ਦੋਸ਼ਾਂ ਨੂੰ ਸਿਆਸੀ ਬਿਆਨਬਾਜ਼ੀ ਦੀ ਥਾਂ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਸਾਬਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਹੁਨਰਮੰਦ ਪੇਸ਼ੇਵਰਾਂ ਦੇ ਮਾਣ-ਸਨਮਾਨ ਨੂੰ ਬੇਵਜ੍ਹਾ ਠੇਸ ਨਾ ਪਹੁੰਚੇ। ਭਾਰਤੀ ਤਕਨਾਲੋਜੀ ਕੰਪਨੀਆਂ ਅਮਰੀਕਾ ਦੇ ਡਿਜੀਟਲ ਪਰਿਵਰਤਨ ਦਾ ਅਹਿਮ ਹਿੱਸਾ ਬਣ ਚੁੱਕੀਆਂ ਹਨ। ਉਹ ਕਾਰੋਬਾਰੀ ਅਦਾਰਿਆਂ, ਖੋਜ ਸੰਸਥਾਵਾਂ ਅਤੇ ਲੱਖਾਂ ਖ਼ਪਤਕਾਰਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਉਨ੍ਹਾਂ ਦਾ ਯੋਗਦਾਨ ਸਿਰਫ਼ ਤਕਨੀਕੀ ਮੁਹਾਰਤ ਮੁਹੱਈਆ ਕਰਵਾਉਣ ਤੱਕ ਸੀਮਿਤ ਨਹੀਂ ਹੈ। ਮਿਸਾਲ ਵਜੋਂ, ਟੀ ਸੀ ਐੱਸ ਨੇ ਕਿਹਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ‘ਪਰਮ’ ਪ੍ਰੋਗਰਾਮ ਤਹਿਤ ਉਸ ਦੀਆਂ ਅਰਜ਼ੀਆਂ ਦੀ ਗਿਣਤੀ ਦਸ ਤੋਂ ਵੀ ਘੱਟ ਰਹੀ ਹੈ ਜਦੋਂਕਿ ਕੰਪਨੀ ਨੇ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਵਿੱਚ 15,000 ਹੋਰ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਯੋਜਨਾ ਵੀ ਬਣਾਈ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਠੀਕ ਹੀ ਜ਼ੋਰ ਦਿੱਤਾ ਹੈ ਕਿ ਹੁਨਰਮੰਦ ਕਾਮਿਆਂ ਦਾ ਦੂਜੇ ਮੁਲਕਾਂ ਵਿੱਚ ਕੰਮ ਕਰਨਾ ਦੋਵਾਂ ਅਰਥਚਾਰਿਆਂ ਲਈ ਲਾਹੇਵੰਦ ਹੈ। ‘ਪਰਮ’ ਪ੍ਰੋਗਰਾਮ, ਜਿਸ ਤਹਿਤ ਰੁਜ਼ਗਾਰਦਾਤਾ ਵੱਲੋਂ ਕਿਰਤ ਪ੍ਰਮਾਣੀਕਰਨ ਰਾਹੀਂ ਸਥਾਈ ਨਿਵਾਸ ਹਾਸਿਲ ਕਰਨ ਦਾ ਰਾਹ ਖੁੱਲ੍ਹਦਾ ਹੈ, ਆਰਜ਼ੀ ਕੰਮਕਾਜੀ ਵੀਜ਼ਾ ਪ੍ਰੋਗਰਾਮ ਐੱਚ-1ਬੀ ਤੋਂ ਵੱਖਰਾ ਹੈ। ਹਾਲਾਂਕਿ ‘ਪਰਮ’ ਪ੍ਰੋਗਰਾਮ ਨੂੰ ਮੁਅੱਤਲ ਕਰਨ ਨਾਲ ਪਹਿਲਾਂ ਤੋਂ ਜਾਰੀ ਐੱਚ-1ਬੀ ਵੀਜ਼ੇ ਆਪਣੇ ਆਪ ਰੱਦ ਨਹੀਂ ਹੋਣਗੇ, ਪਰ ਇਸ ਨਾਲ ਯੋਗ ਮੁਲਾਜ਼ਮਾਂ ਦੀ ਗ੍ਰੀਨ ਕਾਰਡ ਸਬੰਧੀ ਅਰਜ਼ੀ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ।

ਪਰਵਾਸ ਦੇ ਮੁੱਦੇ ਨੂੰ ਸਿਆਸੀ ਟਕਰਾਅ ਦਾ ਮੈਦਾਨ ਬਣਾਉਣ ਨਾਲ ਨਿਵੇਸ਼ਕਾਂ ਦਾ ਭਰੋਸਾ ਡਗਮਗਾ ਸਕਦਾ ਹੈ, ਕਾਰੋਬਾਰੀ ਸਰਗਰਮੀਆਂ ਵਿੱਚ ਵਿਘਨ ਪੈ ਸਕਦਾ ਹੈ ਅਤੇ ਉਨ੍ਹਾਂ ਹੁਨਰਮੰਦ ਕਾਮਿਆਂ ਵਿੱਚ ਬੇਗ਼ਾਨਗੀ ਦੀ ਭਾਵਨਾ ਪੈਦਾ ਹੋ ਸਕਦੀ ਹੈ, ਜੋ ਅਮਰੀਕਾ ਦੀ ਖ਼ੁਸ਼ਹਾਲੀ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਅਮਰੀਕੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਅਤੇ ਵਿਦੇਸ਼ੀ ਹੁਨਰਮੰਦਾਂ ਦੀ ਮੁਹਾਰਤ ਦਾ ਲਾਭ ਲੈਣਾ ਇੱਕ-ਦੂਜੇ ਦੇ ਵਿਰੋਧੀ ਉਦੇਸ਼ ਨਹੀਂ ਹੋਣੇ ਚਾਹੀਦੇ। ਇਸ ਦੀ ਬਜਾਏ ਪਾਰਦਰਸ਼ੀ ਨਿਯਮਾਂ ਅਤੇ ਨਿਰਪੱਖ ਨੀਤੀ ਰਾਹੀਂ ਦੋਵਾਂ ਪੱਖਾਂ ਦੇ ਹਿੱਤਾਂ ਵਿਚਕਾਰ ਸੰਤੁਲਨ ਕਾਇਮ ਕਰਨਾ ਸਮੇਂ ਦੀ ਲੋੜ ਹੈ।

# ਪੰਜਾਬ ਦੀ ਸਹਿਕਾਰਤਾ ਲਹਿਰ ਨੂੰ ਨਵੀਂ ਦਿਸ਼ਾ ਦੇਣ ਲਈ ਵੱਡੇ ਸੁਧਾਰਾਂ ਦੀ ਲੋੜ

**ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਰਹੀਆਂ ਸਹਿਕਾਰੀ ਸਭਾਵਾਂ ਵਿੱਤੀ ਸੰਕਟ, ਕਮਜ਼ੋਰ ਪ੍ਰਬੰਧ ਅਤੇ ਬਦਲਦੇ ਸਮੇਂ ਦੀਆਂ ਚੁਣੌਤੀਆਂ ਨਾਲ ਜੂਝ ਰਹੀਆਂ ਹਨ; ਕੰਪਿਊਟਰੀਕਰਨ, ਪਾਰਦਰਸ਼ਤਾ ਅਤੇ ਕਾਰੋਬਾਰੀ ਵੰਨ-ਸੁਵੰਨਤਾ ਰਾਹੀਂ ਮੁੜ ਮਜ਼ਬੂਤ ਬਣਾਉਣ ਦੀ ਲੋੜ**



ਪੰਜਾਬ ਵਿੱਚ ਸਹਿਕਾਰਤਾ ਦੀ ਨੀਂਹ ਹਰੀ ਕ੍ਰਾਂਤੀ ਤੋਂ ਵੀ ਪਹਿਲਾਂ ਰੱਖੀ ਜਾ ਚੁੱਕੀ ਸੀ। ਜਦੋਂ ਪੰਜਾਬ ਦੇਸ਼ ਦੇ ਅੰਨ ਭੰਡਾਰ ਵਜੋਂ ਉੱਭਰਨ ਦੀ ਤਿਆਰੀ ਕਰ ਰਿਹਾ ਸੀ, ਉਸ ਤੋਂ ਪਹਿਲਾਂ ਹੀ ਪਿੰਡਾਂ ਵਿੱਚ ਸਹਿਕਾਰੀ ਸਭਾਵਾਂ ਦਾ ਅਜਿਹਾ ਜਾਲ ਵਿਛਾਇਆ ਜਾ ਚੁੱਕਾ ਸੀ, ਜਿਸ ਨੇ ਕਿਸਾਨਾਂ ਲਈ ਕਰਜ਼ੇ, ਬੀਜਾਂ ਅਤੇ ਖਾਦਾਂ ਤੱਕ ਪਹੁੰਚ ਆਸਾਨ ਬਣਾਈ। ਇਨ੍ਹਾਂ ਸੰਸਥਾਵਾਂ ਨੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇਣ ਦੇ ਨਾਲ-ਨਾਲ ਪੇਂਡੂ ਭਾਈਚਾਰੇ ਵਿੱਚ ਆਪਸੀ ਭਰੋਸੇ ਅਤੇ ਸਾਂਝ ਨੂੰ ਵੀ ਮਜ਼ਬੂਤ ਕੀਤਾ।

ਪੁਰਾਣੇ ਸਮਿਆਂ ਵਿੱਚ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਪੈਸਿਆਂ ਦੀ ਲੋੜ ਪੈਂਦੀ ਤਾਂ ਉਹ ਵੱਡੇ ਬੈਂਕਾਂ ਦੀ ਬਜਾਏ ਆਪਣੇ ਪਿੰਡ ਦੀ ਸਹਿਕਾਰੀ ਸਭਾ ਦਾ ਰੁਖ਼ ਕਰਦੇ ਸਨ। ਸਭਾ ਦਾ ਸਕੱਤਰ ਕਿਸਾਨ ਦੇ ਨਾਂ, ਜ਼ਮੀਨ, ਪਰਿਵਾਰ ਅਤੇ ਪਿਛੋਕੜ ਤੋਂ ਜਾਣੂ ਹੁੰਦਾ ਸੀ। ਕਰਜ਼ਾ ਦੇਣ ਅਤੇ ਵਾਪਸ ਲੈਣ ਦੀ ਪ੍ਰਕਿਰਿਆ ਵਿੱਚ ਭਰੋਸੇ ਦੀ ਅਹਿਮ ਭੂਮਿਕਾ ਹੁੰਦੀ ਸੀ। ਇਹੋ ਭਰੋਸਾ ਸਹਿਕਾਰੀ ਪ੍ਰਬੰਧ ਦੀ ਸਭ ਤੋਂ ਵੱਡੀ ਤਾਕਤ ਸੀ।

ਅੱਜ ਵੀ ਪੰਜਾਬ ਵਿੱਚ ਸਹਿਕਾਰੀ ਸੰਸਥਾਵਾਂ ਦਾ ਵਿਸ਼ਾਲ ਢਾਂਚਾ ਮੌਜੂਦ ਹੈ, ਪਰ ਸਮੇਂ ਦੇ ਨਾਲ ਇਸ ਦੀ ਕਾਰਗੁਜ਼ਾਰੀ ਵਿੱਚ ਕਈ ਕਮਜ਼ੋਰੀਆਂ ਆ ਗਈਆਂ ਹਨ। ਸੂਬੇ ਵਿੱਚ ਲਗਪਗ 3,500 ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਹਨ, ਜੋ 12,000 ਤੋਂ ਵੱਧ ਪਿੰਡਾਂ ਵਿੱਚ ਫੈਲੀਆਂ ਹੋਈਆਂ ਹਨ। ਇਨ੍ਹਾਂ ਨਾਲ ਲੱਖਾਂ ਕਿਸਾਨ ਜੁੜੇ ਹੋਏ ਹਨ। ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਜ਼ਿਲ੍ਹਾ ਸਹਿਕਾਰੀ ਬੈਂਕਾਂ ਰਾਹੀਂ ਹਰ ਫ਼ਸਲੀ ਸੀਜ਼ਨ ਤੋਂ ਪਹਿਲਾਂ ਹਜ਼ਾਰਾਂ ਕਰੋੜ ਰੁਪਏ ਦਾ ਥੋੜ੍ਹੇ ਸਮੇਂ ਦਾ ਖੇਤੀ ਕਰਜ਼ਾ ਰਿਆਇਤੀ ਵਿਆਜ ਦਰਾਂ ’ਤੇ ਕਿਸਾਨਾਂ ਨੂੰ ਦਿੱਤਾ ਜਾਂਦਾ ਹੈ।

ਇਸ ਦੇ ਬਾਵਜੂਦ, ਫ਼ਸਲ ਦੀ ਬਿਜਾਈ ਤੋਂ ਬਾਅਦ ਕਰਜ਼ੇ ਦੀ ਅਦਾਇਗੀ ਵਿੱਚ ਹੋਣ ਵਾਲੀ ਦੇਰੀ ਕਈ ਕਿਸਾਨਾਂ ਨੂੰ ਮੁੜ ਸ਼ਾਹੂਕਾਰਾਂ ਅਤੇ ਆੜ੍ਹਤੀਆਂ ਤੋਂ ਮਹਿੰਗੇ ਵਿਆਜ ’ਤੇ ਪੈਸੇ ਲੈਣ ਲਈ ਮਜਬੂਰ ਕਰ ਦਿੰਦੀ ਹੈ। ਇਸ ਨਾਲ ਕਰਜ਼ੇ ਦਾ ਚੱਕਰ ਹੋਰ ਡੂੰਘਾ ਹੁੰਦਾ ਜਾਂਦਾ ਹੈ। ਇਸ ਲਈ ਸਹਿਕਾਰੀ ਕਰਜ਼ਾ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਸਿਰਫ਼ ਬੈਂਕਾਂ ਦੀ ਕਾਰਗੁਜ਼ਾਰੀ ਸੁਧਾਰਨ ਦਾ ਮਾਮਲਾ ਨਹੀਂ, ਸਗੋਂ ਕਿਸਾਨਾਂ ਨੂੰ ਕਰਜ਼ੇ ਦੇ ਜਾਲ ਵਿੱਚੋਂ ਕੱਢਣ ਅਤੇ ਪੇਂਡੂ ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨ ਦਾ ਵੀ ਸਵਾਲ ਹੈ।

### ਮਾਰਕਫੈੱਡ ਅਤੇ ਵੇਰਕਾ ਨੇ ਸਹਿਕਾਰਤਾ ਦੀ ਤਾਕਤ ਦਿਖਾਈ

ਡਾ. ਤਲਵਾਰ ਨੇ ਨੌਜਵਾਨਾਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਇੰਟਰਨੈੱਟ 'ਤੇ ਜਾਣਕਾਰੀ ਲੱਭ ਕੇ ਜਾਂ ਨਕਲੀ ਬੁੱਧੀ ਦੀ ਮਦਦ ਨਾਲ ਆਪਣੇ ਆਪ ਬਿਮਾਰੀ ਦੀ ਪਛਾਣ ਕਰਨ ਜਾਂ ਦਵਾਈਆਂ ਲੈਣ ਤੋਂ ਬਚਣ। ਆਨਲਾਈਨ ਜਾਣਕਾਰੀ ਹਰ ਵਿਅਕਤੀ ਦੀ ਸਿਹਤ ਸਥਿਤੀ ਦੇ ਅਨੁਕੂਲ ਨਹੀਂ ਹੁੰਦੀ ਅਤੇ ਇਸ ਨਾਲ ਬੇਲੋੜੀ ਚਿੰਤਾ ਜਾਂ ਗ਼ਲਤ ਇਲਾਜ ਦਾ ਖ਼ਤਰਾ ਪੈਦਾ ਹੋ ਸਕਦਾ ਹੈ।

ਕਈ ਲੋਕ ਡਾਕਟਰ ਦੀ ਸਲਾਹ ਲੈਣ ਦੀ ਬਜਾਏ ਇੰਟਰਨੈੱਟ 'ਤੇ ਮਿਲੀ ਜਾਣਕਾਰੀ ਦੇ ਆਧਾਰ 'ਤੇ ਦਵਾਈਆਂ ਲੈਣ ਲੱਗ ਪੈਂਦੇ ਹਨ। ਇਸ ਨਾਲ ਸਮੱਸਿਆ ਹੱਲ ਹੋਣ ਦੀ ਬਜਾਏ ਵਧ ਵੀ ਸਕਦੀ ਹੈ। ਇਸ ਲਈ ਕਿਸੇ ਵੀ ਬਿਮਾਰੀ ਦੇ ਲੱਛਣ ਹੋਣ 'ਤੇ ਯੋਗ ਡਾਕਟਰ ਤੋਂ ਸਲਾਹ ਲੈਣੀ ਚਾਹੀਦੀ ਹੈ।

### ਹਸਪਤਾਲ ਵਿੱਚ ਦਿਲ ਦੇ ਦੌਰੇ ਦਾ ਇਲਾਜ ਕਿਵੇਂ ਸ਼ੁਰੂ ਹੁੰਦਾ ਹੈ?

**ਸਵਾਲ:** ਜਦੋਂ ਦਿਲ ਦੇ ਦੌਰੇ ਦਾ ਮਰੀਜ਼ ਹਸਪਤਾਲ ਪਹੁੰਚਦਾ ਹੈ ਤਾਂ ਇਲਾਜ ਦਾ ਪਹਿਲਾ ਪੜਾਅ ਕੀ ਹੁੰਦਾ ਹੈ?

**ਜਵਾਬ:** ਡਾ. ਤਲਵਾਰ ਅਨੁਸਾਰ, ਦਿਲ ਦੇ ਦੌਰੇ ਦਾ ਸ਼ੱਕ ਹੋਣ 'ਤੇ ਹਸਪਤਾਲ ਵਿੱਚ ਸਭ ਤੋਂ ਪਹਿਲਾਂ ਮਰੀਜ਼ ਦੀ ਹਾਲਤ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਈਸੀਜੀ ਰਾਹੀਂ ਦਿਲ ਦੀ ਬਿਜਲਈ ਗਤੀਵਿਧੀ ਦੀ ਜਾਂਚ ਕੀਤੀ ਜਾਂਦੀ ਹੈ। ਇਸ ਦੇ ਨਾਲ ਖ਼ੂਨ ਦੀਆਂ ਜਾਂਚਾਂ ਵੀ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨਾਲ ਦਿਲ ਦੀ ਮਾਸਪੇਸ਼ੀ ਨੂੰ ਹੋਏ ਨੁਕਸਾਨ ਬਾਰੇ ਜਾਣਕਾਰੀ ਮਿਲ ਸਕਦੀ ਹੈ।

ਜੇ ਦਿਲ ਦੇ ਦੌਰੇ ਦੀ ਪੁਸ਼ਟੀ ਹੁੰਦੀ ਹੈ ਤਾਂ ਡਾਕਟਰਾਂ, ਨਰਸਾਂ ਅਤੇ ਤਕਨੀਕੀ ਮਾਹਿਰਾਂ ਦੀ ਟੀਮ ਨੂੰ ਤੁਰੰਤ ਸਰਗਰਮ ਕੀਤਾ ਜਾਂਦਾ ਹੈ। ਇਹ ਪ੍ਰਕਿਰਿਆ ਦਿਨ ਜਾਂ ਰਾਤ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ, ਕਿਉਂਕਿ ਦਿਲ ਦੇ ਦੌਰੇ ਦੇ ਇਲਾਜ ਵਿੱਚ ਸਮਾਂ ਬਹੁਤ ਕੀਮਤੀ ਹੁੰਦਾ ਹੈ।

ਮਰੀਜ਼ ਨੂੰ ਜਿੰਨੀ ਛੇਤੀ ਇਲਾਜ ਮਿਲਦਾ ਹੈ ਅਤੇ ਲੋੜ ਪੈਣ 'ਤੇ ਐਂਜੀਓਪਲਾਸਟੀ ਕੀਤੀ ਜਾਂਦੀ ਹੈ, ਉੱਨਾ ਹੀ ਦਿਲ ਦੀ ਮਾਸਪੇਸ਼ੀ ਨੂੰ ਬਚਾਉਣ ਦੀ ਸੰਭਾਵਨਾ ਵਧਦੀ ਹੈ।

ਜੇ ਨੇੜੇ ਅਜਿਹਾ ਹਸਪਤਾਲ ਉਪਲਬਧ ਨਾ ਹੋਵੇ ਜਿੱਥੇ ਤੁਰੰਤ ਐਂਜੀਓਪਲਾਸਟੀ ਕੀਤੀ ਜਾ ਸਕੇ, ਤਾਂ ਕੁਝ ਮਰੀਜ਼ਾਂ ਵਿੱਚ ਡਾਕਟਰੀ ਮੁਲਾਂਕਣ ਤੋਂ ਬਾਅਦ ਖ਼ੂਨ ਦਾ ਥੱਕਾ ਘੋਲਣ ਵਾਲੀ ਦਵਾਈ ਰਾਹੀਂ ਇਲਾਜ ਕੀਤਾ ਜਾ ਸਕਦਾ ਹੈ। ਇਸ ਨੂੰ ਥ੍ਰੋਮਬੋਲਿਟਿਕ ਥੈਰੇਪੀ ਕਿਹਾ ਜਾਂਦਾ ਹੈ। ਇਹ ਇਲਾਜ ਹਰ ਮਰੀਜ਼ ਲਈ ਢੁੱਕਵਾਂ ਨਹੀਂ ਹੁੰਦਾ ਅਤੇ ਇਸ ਦੇ ਫ਼ੈਸਲੇ ਲਈ ਮਾਹਿਰ ਡਾਕਟਰ ਦੀ ਤੁਰੰਤ ਸਲਾਹ ਜ਼ਰੂਰੀ ਹੈ। ਇਸ ਤੋਂ ਬਾਅਦ ਮਰੀਜ਼ ਨੂੰ ਲੋੜ ਅਨੁਸਾਰ ਉੱਚ ਪੱਧਰੀ ਇਲਾਜ ਵਾਲੇ ਹਸਪਤਾਲ ਵਿੱਚ ਭੇਜਿਆ ਜਾ ਸਕਦਾ ਹੈ।

### ਸੀਪੀਆਰ ਦੀ ਜਾਣਕਾਰੀ ਨਾਲ ਬਚਾਈਆਂ ਜਾ ਸਕਦੀਆਂ ਹਨ ਜਾਨਾਂ

ਡਾ. ਤਲਵਾਰ ਨੇ ਸਮਾਜ ਵਿੱਚ ਸੀਪੀਆਰ ਬਾਰੇ ਜਾਗਰੂਕਤਾ ਵਧਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਸੀਪੀਆਰ ਦਾ ਪੂਰਾ ਨਾਮ ਕਾਰਡੀਓਪਲਮਨਰੀ ਰੀਸਸਿਟੇਸ਼ਨ ਹੈ। ਜੇ ਕੋਈ ਵਿਅਕਤੀ ਅਚਾਨਕ ਬੇਹੋਸ਼ ਹੋ ਜਾਵੇ ਅਤੇ ਉਸ ਦਾ ਸਾਹ ਆਮ ਨਾ ਹੋਵੇ ਜਾਂ ਉਹ ਸਾਹ ਨਾ ਲੈ ਰਿਹਾ ਹੋਵੇ, ਤਾਂ ਇਹ ਦਿਲ ਦਾ ਕੰਮ ਕਰਨਾ ਬੰਦ ਹੋਣ ਦੀ ਐਮਰਜੈਂਸੀ ਹੋ ਸਕਦੀ ਹੈ।

ਅਜਿਹੇ ਸਮੇਂ ਤੁਰੰਤ ਐਮਰਜੈਂਸੀ ਸੇਵਾ ਨੂੰ ਬੁਲਾਉਣਾ ਅਤੇ ਸਿਖਲਾਈ ਪ੍ਰਾਪਤ ਹੋਣ ਦੀ ਸਥਿਤੀ ਵਿੱਚ ਸੀਪੀਆਰ ਸ਼ੁਰੂ ਕਰਨਾ ਜਾਨ ਬਚਾਉਣ ਵਿੱਚ ਮਦਦ ਕਰ ਸਕਦਾ ਹੈ। ਜਿੱਥੇ ਉਪਲਬਧ ਹੋਵੇ, ਸਵੈਚਾਲਿਤ ਬਾਹਰੀ ਡਿਫਿਬ੍ਰਿਲੇਟਰ (ਏਈਡੀ) ਦੀ ਵਰਤੋਂ ਵੀ ਲਾਭਦਾਇਕ ਹੋ ਸਕਦੀ ਹੈ। ਲੋਕਾਂ ਨੂੰ ਸੀਪੀਆਰ ਦੀ ਸਹੀ ਸਿਖਲਾਈ ਲੈਣੀ ਚਾਹੀਦੀ ਹੈ ਤਾਂ ਜੋ ਐਮਰਜੈਂਸੀ ਵੇਲੇ ਉਹ ਪ੍ਰਭਾਵਸ਼ਾਲੀ ਢੰਗ ਨਾਲ ਮਦਦ ਕਰ ਸਕਣ।

### ਦਿਲ ਦੀ ਸਿਹਤ ਲਈ ਜਾਗਰੂਕਤਾ ਅਤੇ ਸਮੇਂ ਸਿਰ ਇਲਾਜ ਜ਼ਰੂਰੀ

ਮਾਹਿਰਾਂ ਦੀ ਸਲਾਹ ਦਾ ਮੁੱਖ ਸੁਨੇਹਾ ਇਹ ਹੈ ਕਿ ਦਿਲ ਦੀ ਸਿਹਤ ਲਈ ਸਿਰਫ਼ ਕਸਰਤ ਕਰਨਾ ਹੀ ਕਾਫ਼ੀ ਨਹੀਂ। ਸੰਤੁਲਿਤ ਖ਼ੁਰਾਕ, ਸਿਗਰਟਨੋਸ਼ੀ ਤੋਂ ਦੂਰੀ, ਨਸ਼ਿਆਂ ਤੋਂ ਬਚਾਅ, ਤਣਾਅ 'ਤੇ ਕਾਬੂ, ਲੋੜ ਅਨੁਸਾਰ ਸਿਹਤ ਜਾਂਚਾਂ ਅਤੇ ਡਾਕਟਰ ਦੀ ਸਲਾਹ ਵੀ ਉੱਨੀ ਹੀ ਮਹੱਤਵਪੂਰਨ ਹਨ।

ਛਾਤੀ ਵਿੱਚ ਦਰਦ ਜਾਂ ਭਾਰੀਪਣ, ਸਾਹ ਚੜ੍ਹਨਾ, ਅਚਾਨਕ ਪਸੀਨਾ ਆਉਣਾ ਜਾਂ ਦਰਦ ਦਾ ਬਾਂਹਾਂ, ਜਬਾੜੇ ਜਾਂ ਪਿੱਠ ਤੱਕ ਫੈਲਣਾ ਦਿਲ ਦੇ ਦੌਰੇ ਦੇ ਸੰਕੇਤ ਹੋ ਸਕਦੇ ਹਨ। ਅਜਿਹੇ ਲੱਛਣਾਂ ਦੀ ਸਥਿਤੀ ਵਿੱਚ ਦੇਰੀ ਕਰਨ ਦੀ ਬਜਾਏ ਤੁਰੰਤ ਐਮਰਜੈਂਸੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ। ਸਹੀ ਜਾਣਕਾਰੀ, ਸਿਹਤਮੰਦ ਜੀਵਨਸ਼ੈਲੀ ਅਤੇ ਸਮੇਂ ਸਿਰ ਇਲਾਜ ਨਾਲ ਦਿਲ ਦੀਆਂ ਗੰਭੀਰ ਸਮੱਸਿਆਵਾਂ ਦੇ ਖ਼ਤਰੇ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

# ਕੀ ਰੋਜ਼ਾਨਾ ਮੂੰਗਫਲੀ ਖਾਣ ਨਾਲ ਟਾਈਪ-2 ਸ਼ੂਗਰ ਦਾ ਖ਼ਤਰਾ ਘਟ ਸਕਦਾ ਹੈ? ਖੋਜ ਵਿੱਚ ਸਾਹਮਣੇ ਆਏ ਸਿਹਤ ਸਬੰਧੀ ਫ਼ਾਇਦੇ

ਮੂੰਗਫਲੀ ਵਿੱਚ ਮੌਜੂਦ ਪ੍ਰੋਟੀਨ, ਰੇਸ਼ਾ ਅਤੇ ਸਿਹਤਮੰਦ ਚਰਬੀ ਦਿਲ ਦੀ ਸਿਹਤ ਲਈ ਹੋ ਸਕਦੇ ਹਨ ਲਾਹੇਵੰਦ; ਕੋਲੈਸਟ੍ਰੋਲ ਅਤੇ ਖ਼ੂਨ ਵਿੱਚ ਚਰਬੀ ਦੇ ਪੱਧਰ 'ਤੇ ਵੀ ਪੈ ਸਕਦਾ ਹੈ ਚੰਗਾ ਅਸਰ



ਮੂੰਗਫਲੀ ਬਹੁਤ ਸਾਰੇ ਲੋਕਾਂ ਦੀ ਪਸੰਦੀਦਾ ਖ਼ੁਰਾਕ ਹੈ। ਸਰਦੀਆਂ ਵਿੱਚ ਖ਼ਾਸ ਤੌਰ 'ਤੇ ਭੁੰਨੀ ਹੋਈ ਮੂੰਗਫਲੀ ਖਾਣ ਦਾ ਰੁਝਾਨ ਵਧ ਜਾਂਦਾ ਹੈ, ਜਦਕਿ ਕਈ ਲੋਕ ਉਬਲੀ ਹੋਈ ਮੂੰਗਫਲੀ ਵੀ ਪਸੰਦ ਕਰਦੇ ਹਨ। ਪੌਸ਼ਟਿਕ ਤੱਤਾਂ ਨਾਲ ਭਰਪੂਰ ਮੂੰਗਫਲੀ ਨੂੰ ਢੁੱਕਵੀਂ ਮਾਤਰਾ ਵਿੱਚ ਖਾਣ ਨਾਲ ਸਿਹਤ ਨੂੰ ਕਈ ਲਾਭ ਮਿਲ ਸਕਦੇ ਹਨ। ਹਾਲ ਹੀ ਵਿੱਚ ਹੋਈਆਂ ਕੁਝ ਖੋਜਾਂ ਵਿੱਚ ਇਸ ਦੇ ਸੇਵਨ ਅਤੇ ਖ਼ੂਨ ਵਿੱਚ ਚਰਬੀ ਦੇ ਪੱਧਰ ਵਿੱਚ ਸੁਧਾਰ ਵਿਚਕਾਰ ਸਬੰਧ ਸਾਹਮਣੇ ਆਇਆ ਹੈ। ਇਸ ਦੇ ਨਾਲ ਹੀ ਕੋਲੈਸਟ੍ਰੋਲ ਦੇ ਪੱਧਰ ਨੂੰ ਸਿਹਤਮੰਦ ਰੱਖਣ ਵਿੱਚ ਵੀ ਮੂੰਗਫਲੀ ਦੀ ਸੰਭਾਵੀ ਭੂਮਿਕਾ ਬਾਰੇ ਜਾਣਕਾਰੀ ਮਿਲੀ ਹੈ।

ਹਾਲਾਂਕਿ, ਇਹ ਸਮਝਣਾ ਜ਼ਰੂਰੀ ਹੈ ਕਿ ਮੂੰਗਫਲੀ ਖਾਣ ਨਾਲ ਟਾਈਪ-2 ਸ਼ੂਗਰ ਦਾ ਖ਼ਤਰਾ ਯਕੀਨੀ ਤੌਰ 'ਤੇ ਘਟਦਾ ਹੈ ਜਾਂ ਨਹੀਂ, ਇਸ ਬਾਰੇ ਸਿੱਧਾ ਨਤੀਜਾ ਕੱਢਣ ਲਈ ਹੋਰ ਸਬੂਤਾਂ ਦੀ ਲੋੜ ਹੈ। ਹੁਣ ਤੱਕ ਸਾਹਮਣੇ ਆਏ ਕੁਝ ਅਧਿਐਨ ਮੁੱਖ ਤੌਰ 'ਤੇ ਦਿਲ ਦੀ ਸਿਹਤ, ਕੋਲੈਸਟ੍ਰੋਲ ਅਤੇ ਖ਼ੂਨ ਵਿੱਚ ਮੌਜੂਦ ਚਰਬੀ ਦੇ ਪੱਧਰ ਨਾਲ ਸਬੰਧਤ ਹਨ।

ਖੋਜ ਵਿੱਚ ਕੀ ਸਾਹਮਣੇ ਆਇਆ?

'ਫਰੰਟੀਅਰਜ਼ ਇਨ ਨਿਊਟ੍ਰੀਸ਼ਨ' ਰਸਾਲੇ ਵਿੱਚ ਪ੍ਰਕਾਸ਼ਿਤ ਛੇ ਮਹੀਨਿਆਂ ਦੇ ਇੱਕ ਅਧਿਐਨ ਵਿੱਚ 63 ਬਾਲਗਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਵਿਅਕਤੀਆਂ ਦੀ ਰੋਜ਼ਾਨਾ ਖ਼ੁਰਾਕ ਵਿੱਚ ਮੂੰਗਫਲੀ ਤੋਂ ਬਣੀਆਂ ਵਸਤਾਂ ਸ਼ਾਮਲ ਕੀਤੀਆਂ ਗਈਆਂ। ਅਧਿਐਨ ਦੌਰਾਨ ਕੁਝ ਲੋਕਾਂ ਨੇ ਭੁੰਨੀ ਹੋਈ ਮੂੰਗਫਲੀ ਖਾਧੀ, ਜਦਕਿ ਹੋਰਾਂ ਨੇ ਸੋਧਿਆ ਹੋਇਆ ਮੂੰਗਫਲੀ ਦਾ ਤੇਲ ਵਰਤਿਆ। ਇਸ ਰਾਹੀਂ ਖੋਜਕਰਤਾਵਾਂ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਮੂੰਗਫਲੀ ਦੇ ਸੰਭਾਵੀ ਲਾਭ ਉਸ ਦੇ ਪੂਰੇ ਰੂਪ ਵਿੱਚ ਮੌਜੂਦ ਪੌਸ਼ਟਿਕ ਤੱਤਾਂ ਕਾਰਨ ਮਿਲਦੇ ਹਨ ਜਾਂ ਉਸ ਦੀ ਚਰਬੀ ਵੀ ਇਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਅਧਿਐਨ ਦੇ ਨਤੀਜਿਆਂ ਅਨੁਸਾਰ, ਸਾਬਤ ਮੂੰਗਫਲੀ ਖਾਣ ਵਾਲੇ ਲੋਕਾਂ ਦੇ ਖ਼ੂਨ ਵਿੱਚ ਚਰਬੀ ਦੇ ਕੁਝ ਪੱਧਰਾਂ ਵਿੱਚ ਸੁਧਾਰ ਦੇਖਿਆ ਗਿਆ। ਖ਼ਾਸ ਤੌਰ 'ਤੇ ਟ੍ਰਾਈਗਲਿਸਰਾਈਡ ਦੇ ਪੱਧਰ ਵਿੱਚ ਸੁਧਾਰ ਦਰਜ ਕੀਤਾ ਗਿਆ। ਟ੍ਰਾਈਗਲਿਸਰਾਈਡ ਖ਼ੂਨ ਵਿੱਚ ਪਾਈ ਜਾਣ ਵਾਲੀ ਇੱਕ ਕਿਸਮ ਦੀ ਚਰਬੀ ਹੈ। ਇਸ ਦਾ ਪੱਧਰ ਲੰਬੇ ਸਮੇਂ ਤੱਕ ਵਧਿਆ ਰਹਿਣਾ ਦਿਲ ਦੀਆਂ ਬਿਮਾਰੀਆਂ ਦੇ ਵਧੇ ਹੋਏ ਖ਼ਤਰੇ ਨਾਲ ਜੁੜਿਆ ਹੋ ਸਕਦਾ ਹੈ।

ਖੋਜਕਰਤਾਵਾਂ ਨੇ ਸੰਭਾਵਨਾ ਪ੍ਰਗਟਾਈ ਕਿ ਮੂੰਗਫਲੀ ਵਿੱਚ ਮੌਜੂਦ ਰੇਸ਼ਾ, ਪੌਲੀਫੇਨੌਲ ਅਤੇ ਸਿਹਤਮੰਦ ਚਰਬੀ ਮਿਲ ਕੇ ਇਨ੍ਹਾਂ ਲਾਭਾਂ ਵਿੱਚ ਯੋਗਦਾਨ ਪਾ ਸਕਦੇ ਹਨ। ਮੂੰਗਫਲੀ ਦੇ ਛਿਲਕੇ ਵਿੱਚ ਮੌਜੂਦ ਕੁਝ ਪੌਦਿਆਂ ਤੋਂ ਪ੍ਰਾਪਤ ਯੋਗਿਕ ਵੀ ਇਸ ਸਬੰਧ ਵਿੱਚ ਅਹਿਮ ਹੋ ਸਕਦੇ ਹਨ।

ਕੋਲੈਸਟ੍ਰੋਲ ਦੇ ਪੱਧਰ 'ਤੇ ਵੀ ਪੈ ਸਕਦਾ ਹੈ ਅਸਰ

'ਪਬਲਿਕ ਹੈਲਥ ਨਿਊਟ੍ਰੀਸ਼ਨ' ਰਸਾਲੇ ਵਿੱਚ ਪ੍ਰਕਾਸ਼ਿਤ ਇੱਕ ਹੋਰ ਅਧਿਐਨ ਵਿੱਚ ਵਧੇ ਹੋਏ ਕੋਲੈਸਟ੍ਰੋਲ ਵਾਲੇ ਮਰਦਾਂ ਦੀ ਖ਼ੁਰਾਕ ਦਾ ਮੁਲਾਂਕਣ ਕੀਤਾ ਗਿਆ। ਅਧਿਐਨ ਵਿੱਚ ਸ਼ਾਮਲ ਵਿਅਕਤੀਆਂ ਨੇ ਚਾਰ ਹਫ਼ਤਿਆਂ ਤੱਕ ਰੋਜ਼ਾਨਾ ਆਪਣੀ ਖ਼ੁਰਾਕ ਵਿੱਚ ਇੱਕ ਮੁੱਠੀ ਮੂੰਗਫਲੀ ਸ਼ਾਮਲ ਕੀਤੀ।

ਅਧਿਐਨ ਦੇ ਨਤੀਜਿਆਂ ਵਿੱਚ ਕੁੱਲ ਕੋਲੈਸਟ੍ਰੋਲ ਅਤੇ ਉੱਚ ਘਣਤਾ ਵਾਲੇ ਲਿਪੋਪ੍ਰੋਟੀਨ (ਐੱਚਡੀਐੱਲ) ਕੋਲੈਸਟ੍ਰੋਲ ਦੇ ਅਨੁਪਾਤ ਵਿੱਚ ਸੁਧਾਰ ਦੇਖਿਆ ਗਿਆ। ਐੱਚਡੀਐੱਲ ਨੂੰ ਆਮ ਤੌਰ 'ਤੇ ਚੰਗਾ ਕੋਲੈਸਟ੍ਰੋਲ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਐੱਚਡੀਐੱਲ ਦੇ ਪੱਧਰ ਵਿੱਚ ਵਾਧਾ ਵੀ ਦਰਜ ਕੀਤਾ ਗਿਆ। ਦਿਲ ਦੀ ਬਿਮਾਰੀ ਦੇ ਖ਼ਤਰੇ ਦਾ ਅੰਦਾਜ਼ਾ ਲਗਾਉਣ ਲਈ ਵਰਤੇ ਜਾਂਦੇ ਕੁਝ ਹੋਰ ਮਾਪਦੰਡਾਂ ਵਿੱਚ ਵੀ ਸੁਧਾਰ ਸਾਹਮਣੇ ਆਇਆ।

ਇਨ੍ਹਾਂ ਨਤੀਜਿਆਂ ਤੋਂ ਸੰਕੇਤ ਮਿਲਦਾ ਹੈ ਕਿ ਸੰਤੁਲਿਤ ਖ਼ੁਰਾਕ ਦੇ ਹਿੱਸੇ ਵਜੋਂ ਮੂੰਗਫਲੀ ਖਾਣ ਨਾਲ ਖ਼ੂਨ ਵਿੱਚ ਚਰਬੀ ਦੇ ਪੱਧਰ ਨੂੰ ਸਿਹਤਮੰਦ ਰੱਖਣ ਵਿੱਚ ਮਦਦ ਮਿਲ ਸਕਦੀ ਹੈ। ਪਰ ਇਨ੍ਹਾਂ ਨਤੀਜਿਆਂ ਨੂੰ ਹਰ ਵਿਅਕਤੀ 'ਤੇ ਇੱਕੋ ਜਿਹਾ ਲਾਗੂ ਨਹੀਂ ਕੀਤਾ ਜਾ ਸਕਦਾ।

ਲੰਬੇ ਸਮੇਂ ਦੇ ਅਧਿਐਨਾਂ ਵਿੱਚ ਕੀ ਮਿਲਿਆ?

ਲੰਬੇ ਸਮੇਂ ਤੱਕ ਕੀਤੇ ਗਏ ਨਿਰੀਖਣ ਅਧਿਐਨਾਂ ਵਿੱਚ ਗਿਰੀਆਂ ਅਤੇ ਮੂੰਗਫਲੀ ਖਾਣ ਦੀ ਆਦਤ ਅਤੇ ਦਿਲ ਦੀ ਸਿਹਤ ਵਿਚਕਾਰ ਸਬੰਧਾਂ ਦਾ ਵੀ ਅਧਿਐਨ ਕੀਤਾ ਗਿਆ ਹੈ। ਨਰਸਾਂ ਦੀ ਸਿਹਤ ਬਾਰੇ ਕੀਤੇ ਗਏ ਇੱਕ ਲੰਬੇ ਸਮੇਂ ਦੇ ਅਧਿਐਨ ਦੇ ਅੰਕੜਿਆਂ ਤੋਂ ਸੰਕੇਤ ਮਿਲਦਾ ਹੈ ਕਿ ਗਿਰੀਆਂ ਅਤੇ ਮੂੰਗਫਲੀ ਦਾ ਨਿਯਮਤ ਸੇਵਨ ਖ਼ੂਨ ਵਿੱਚ ਘੱਟ ਘਣਤਾ ਵਾਲੇ ਲਿਪੋਪ੍ਰੋਟੀਨ (ਐੱਲਡੀਐੱਲ) ਕੋਲੈਸਟ੍ਰੋਲ ਅਤੇ ਚਰਬੀ ਦੇ ਪੱਧਰ ਨੂੰ ਸਿਹਤਮੰਦ ਰੱਖਣ ਨਾਲ ਜੁੜਿਆ ਹੋ ਸਕਦਾ ਹੈ।

ਐੱਲਡੀਐੱਲ ਨੂੰ ਆਮ ਤੌਰ 'ਤੇ ਮਾੜਾ ਕੋਲੈਸਟ੍ਰੋਲ ਕਿਹਾ ਜਾਂਦਾ ਹੈ। ਇਸ ਦਾ ਪੱਧਰ ਵਧਣ ਨਾਲ ਦਿਲ ਦੀਆਂ ਨਾੜੀਆਂ ਵਿੱਚ ਚਰਬੀ ਜਮ੍ਹਾਂ ਹੋਣ ਦਾ ਖ਼ਤਰਾ ਵਧ ਸਕਦਾ ਹੈ।

ਹਾਲਾਂਕਿ, ਨਿਰੀਖਣ ਅਧਿਐਨਾਂ ਵਿੱਚ ਕਿਸੇ ਖ਼ੁਰਾਕੀ ਆਦਤ ਅਤੇ ਸਿਹਤ ਦੇ ਨਤੀਜਿਆਂ ਵਿਚਕਾਰ ਸਬੰਧ ਤਾਂ ਸਾਹਮਣੇ ਆ ਸਕਦਾ ਹੈ, ਪਰ ਇਸ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਸਿਰਫ਼ ਮੂੰਗਫਲੀ ਹੀ ਇਨ੍ਹਾਂ ਲਾਭਾਂ ਦਾ ਕਾਰਨ ਹੈ। ਵਿਅਕਤੀ ਦੀ ਸਮੁੱਚੀ ਖ਼ੁਰਾਕ, ਸਰੀਰਕ ਸਰਗਰਮੀ, ਉਮਰ, ਪਰਿਵਾਰਕ ਇਤਿਹਾਸ ਅਤੇ ਹੋਰ ਜੀਵਨਸ਼ੈਲੀ ਸਬੰਧੀ ਕਾਰਕ ਵੀ ਸਿਹਤ 'ਤੇ ਅਸਰ ਪਾਉਂਦੇ ਹਨ।

ਪਸ਼ੂਆਂ 'ਤੇ ਹੋਈ ਖੋਜ ਤੋਂ ਵੀ ਮਿਲੇ ਸੰਕੇਤ

ਮੂੰਗਫਲੀ ਦੇ ਸਿਹਤ ਸਬੰਧੀ ਪ੍ਰਭਾਵਾਂ ਨੂੰ ਸਮਝਣ ਲਈ ਪਸ਼ੂਆਂ 'ਤੇ ਵੀ ਅਧਿਐਨ ਕੀਤੇ ਗਏ ਹਨ। ਇਨ੍ਹਾਂ ਵਿੱਚ ਸੰਕੇਤ ਮਿਲੇ ਹਨ ਕਿ ਮੂੰਗਫਲੀ ਵਿੱਚ ਮੌਜੂਦ ਕੁਝ ਤੱਤ ਸਰੀਰ ਦੀ ਐਂਟੀਆਕਸੀਡੈਂਟ ਗਤੀਵਿਧੀ ਨੂੰ ਉਤਸ਼ਾਹਿਤ ਕਰ ਸਕਦੇ ਹਨ ਅਤੇ ਕੋਲੈਸਟ੍ਰੋਲ ਨਾਲ ਜੁੜੀਆਂ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਐਂਟੀਆਕਸੀਡੈਂਟ ਉਹ ਤੱਤ ਹਨ ਜੋ ਸਰੀਰ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੁਝ ਕਣਾਂ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਫਿਰ ਵੀ, ਪਸ਼ੂਆਂ 'ਤੇ ਕੀਤੇ ਗਏ ਅਧਿਐਨਾਂ ਦੇ ਨਤੀਜਿਆਂ ਨੂੰ ਸਿੱਧੇ ਮਨੁੱਖਾਂ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਮਨੁੱਖੀ ਸਿਹਤ 'ਤੇ ਇਨ੍ਹਾਂ ਪ੍ਰਭਾਵਾਂ ਅਤੇ ਉਨ੍ਹਾਂ ਦੇ ਲੰਬੇ ਸਮੇਂ ਤੱਕ ਰਹਿਣ ਬਾਰੇ ਹੋਰ ਖੋਜ ਦੀ ਲੋੜ ਹੈ।

ਮੂੰਗਫਲੀ ਖਾਣ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਮੂੰਗਫਲੀ ਵਿੱਚ ਪ੍ਰੋਟੀਨ, ਰੇਸ਼ਾ ਅਤੇ ਅਸੰਤ੍ਰਿਪਤ ਚਰਬੀ ਹੁੰਦੀ ਹੈ। ਇਸ ਵਿੱਚ ਕਈ ਹੋਰ ਪੌਸ਼ਟਿਕ ਤੱਤ ਵੀ ਮਿਲਦੇ ਹਨ, ਜਿਸ ਕਾਰਨ ਇਹ ਸੰਤੁਲਿਤ ਖ਼ੁਰਾਕ ਦਾ ਇੱਕ ਪੌਸ਼ਟਿਕ ਅਤੇ ਕਿਫ਼ਾਇਤੀ ਹਿੱਸਾ ਬਣ ਸਕਦੀ ਹੈ।

ਮੂੰਗਫਲੀ ਖਾਣ ਸਮੇਂ ਕੁਝ ਗੱਲਾਂ ਦਾ ਧਿਆਨ ਰੱਖਣਾ ਲਾਭਦਾਇਕ ਹੈ:

- **ਬਿਨਾਂ ਵਾਧੂ ਲੂਣ ਵਾਲੀ ਮੂੰਗਫਲੀ ਚੁਣੋ:** ਇਸ ਨਾਲ ਖ਼ੁਰਾਕ ਵਿੱਚ ਸੋਡੀਅਮ ਦੀ ਵਧੇਰੇ ਮਾਤਰਾ ਤੋਂ ਬਚਣ ਵਿੱਚ ਮਦਦ ਮਿਲ ਸਕਦੀ ਹੈ।
- **ਮਾਤਰਾ ਦਾ ਧਿਆਨ ਰੱਖੋ:** ਮੂੰਗਫਲੀ ਵਿੱਚ ਕੈਲੋਰੀਆਂ ਵਧੇਰੇ ਹੁੰਦੀਆਂ ਹਨ, ਇਸ ਲਈ ਇਸ ਨੂੰ ਸੀਮਤ ਮਾਤਰਾ ਵਿੱਚ ਖਾਣਾ ਚਾਹੀਦਾ ਹੈ।
- **ਸੰਤੁਲਿਤ ਖ਼ੁਰਾਕ ਦਾ ਹਿੱਸਾ ਬਣਾਓ:** ਮੂੰਗਫਲੀ ਦੇ ਨਾਲ ਫਲ, ਸਬਜ਼ੀਆਂ, ਸਾਬਤ ਅਨਾਜ ਅਤੇ ਹੋਰ ਪੌਸ਼ਟਿਕ ਭੋਜਨ ਵੀ ਖਾਓ।
- **ਸਿਹਤਮੰਦ ਜੀਵਨਸ਼ੈਲੀ ਅਪਣਾਓ:** ਨਿਯਮਤ ਸਰੀਰਕ ਸਰਗਰਮੀ, ਢੁੱਕਵੀਂ ਨੀਂਦ ਅਤੇ ਸਿਹਤਮੰਦ ਵਜ਼ਨ ਬਣਾਈ ਰੱਖਣਾ ਵੀ ਮਹੱਤਵਪੂਰਨ ਹੈ।
- **ਐਲਰਜੀ ਦਾ ਧਿਆਨ ਰੱਖੋ:** ਜਿਨ੍ਹਾਂ ਲੋਕਾਂ ਨੂੰ ਮੂੰਗਫਲੀ ਤੋਂ ਐਲਰਜੀ ਹੈ, ਉਨ੍ਹਾਂ ਨੂੰ ਇਸ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਨਾ ਚਾਹੀਦਾ ਹੈ।

ਕੀ ਮੂੰਗਫਲੀ ਖਾਣ ਨਾਲ ਟਾਈਪ-2 ਸ਼ੂਗਰ ਦਾ ਖ਼ਤਰਾ ਘਟਦਾ ਹੈ?

ਮੂੰਗਫਲੀ ਵਿੱਚ ਮੌਜੂਦ ਪ੍ਰੋਟੀਨ, ਰੇਸ਼ਾ ਅਤੇ ਅਸੰਤ੍ਰਿਪਤ ਚਰਬੀ ਸੰਤੁਲਿਤ ਖ਼ੁਰਾਕ ਦਾ ਹਿੱਸਾ ਬਣ ਸਕਦੇ ਹਨ। ਪਰ ਉੱਪਰ ਦੱਸੇ ਅਧਿਐਨਾਂ ਦੇ ਆਧਾਰ 'ਤੇ ਇਹ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਮੂੰਗਫਲੀ ਖਾਣ ਨਾਲ ਟਾਈਪ-2 ਸ਼ੂਗਰ ਹੋਣ ਦਾ ਖ਼ਤਰਾ ਸਿੱਧੇ ਤੌਰ 'ਤੇ ਘਟ ਜਾਂਦਾ ਹੈ।

ਸ਼ੂਗਰ ਤੋਂ ਬਚਾਅ ਲਈ ਸਮੁੱਚੀ ਖ਼ੁਰਾਕ, ਨਿਯਮਤ ਸਰੀਰਕ ਸਰਗਰਮੀ, ਸਿਹਤਮੰਦ ਵਜ਼ਨ ਅਤੇ ਲੋੜ ਅਨੁਸਾਰ ਖ਼ੂਨ ਵਿੱਚ ਸ਼ੂਗਰ ਦੀ ਜਾਂਚ ਅਹਿਮ ਹਨ। ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਸ਼ੂਗਰ ਹੈ, ਉਹ ਮੂੰਗਫਲੀ ਨੂੰ ਆਪਣੀ ਖ਼ੁਰਾਕ ਵਿੱਚ ਸ਼ਾਮਲ ਕਰ ਸਕਦੇ ਹਨ, ਪਰ ਮਾਤਰਾ ਅਤੇ ਆਪਣੀਆਂ ਹੋਰ ਸਿਹਤ ਸਬੰਧੀ ਲੋੜਾਂ ਬਾਰੇ ਡਾਕਟਰ ਜਾਂ ਖ਼ੁਰਾਕ ਮਾਹਿਰ ਦੀ ਸਲਾਹ ਲੈਣਾ ਉਚਿਤ ਹੈ।

ਕੁੱਲ ਮਿਲਾ ਕੇ, ਮੂੰਗਫਲੀ ਦਿਲ ਦੀ ਸਿਹਤ ਲਈ ਲਾਭਦਾਇਕ ਸੰਤੁਲਿਤ ਖ਼ੁਰਾਕ ਦਾ ਹਿੱਸਾ ਹੋ ਸਕਦੀ ਹੈ। ਇਸ ਨੂੰ ਕਿਸੇ ਬਿਮਾਰੀ ਦਾ ਇਲਾਜ ਜਾਂ ਸ਼ੂਗਰ ਤੋਂ ਬਚਾਅ ਦੀ ਗਾਰੰਟੀ ਸਮਝਣ ਦੀ ਬਜਾਏ ਸਿਹਤਮੰਦ ਜੀਵਨਸ਼ੈਲੀ ਦੇ ਇੱਕ ਹਿੱਸੇ ਵਜੋਂ ਦੇਖਣਾ ਚਾਹੀਦਾ ਹੈ।

# ਸਭਿਆਚਾਰ

## ਔਰਤ ਨੂੰ ਵਿਹਲ ਕਦੋਂ ਮਿਲੇਗੀ?



ਅਸੀਂ ਆਪਣੀਆਂ ਦਾਦੀਆਂ, ਮਾਵਾਂ, ਭੈਣਾਂ ਤੇ ਘਰ ਦੀਆਂ ਹੋਰ ਔਰਤਾਂ ਨੂੰ ਹਮੇਸ਼ਾਂ ਕੰਮ ਵਿੱਚਲੱਗੀਆਂ ਦੇਖਦੇ ਹਾਂ। ਅਕਸਰ ਬਹੁਤੀਆਂ ਔਰਤਾਂ ਸਵੇਰੇ ਤੜਕੇ ਤੋਂਰਾਤ ਤੱਕ ਘਰ-ਪਰਿਵਾਰ ਦੇ ਕੰਮਾਂ ਵਿੱਚ ਹੱਫੀਆਂ ਰਹਿੰਦੀਆਂ ਹਨ। ਸਮਾਂ ਭਾਵੇਂ ਬਹੁਤ ਬਦਲ ਗਿਆ, ਪਰ ਕੁਝ ਗੱਲਾਂ ਪਹਿਲਾਂ ਵਾਂਗ ਜਿਉਂ ਦੀਆਂ ਤਿਉਂ ਹਨ।ਅੱਜ ਵੀ ਕੰਮਕਾਜੀ ਔਰਤ ਹੋਵੇ ਜਾਂ ਘਰੇਲੂ ਔਰਤ, ਘਰ-ਪਰਿਵਾਰ ਦੇ ਬਹੁਤੇ ਕੰਮ ਔਰਤਾਂ ਦੇ ਜ਼ਿੰਮੇ ਹਨ। ਮਰਦ ਮਾਨਸਿਕਤਾ ਪਹਿਲਾਂ ਵੀ ਔਰਤ ਦੇ ਕੰਮਾਂ ਨੂੰ ਕੰਮ ਨਹੀਂ ਸਮਝਦੀ ਸੀ, ਹਾਲਾਤ ਅੱਜ ਵੀ ਉਹੀ ਹਨ।ਅੱਜ ਦੀ ਔਰਤ ਦੂਹਰੀ ਮਾਰ ਝੱਲਦ ਰਹੀ ਹੈ। ਕੰਮਕਾਜੀ ਹੋਣ ਕਾਰਨ ਉਹ ਥੱਕੀਆਂ-ਹਾਰੀਆਂ ਘਰ ਪਰਤਦੀਆਂ ਹਨ ਤਾਂ ਘਰ ਦੇ ਅਨੇਕਾਂ ਛੋਟੇ-ਛੋਟੇ ਕੰਮ ਉਨ੍ਹਾਂ ਦੀ ਉਡੀਕ ਕਰ ਰਹੇ ਹੁੰਦੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਉਹ ਆਪਣੇ ਕੰਮ ਤੋਂ ਛੁੱਟੀ ਕਰਕੇ ਘਰ ਆ ਕੇ ਫਿਰ ਕੰਮ ਲੱਗ ਜਾਂਦੀ ਹੈ।

ਅਸਲ ਵਿੱਚ ਸਮਾਜ ਨੇ ਔਰਤ ਪ੍ਰਤੀ ਅਜਿਹੀ ਸੋਚ ਸਿਰਜੀ ਹੈ ਕਿ ਘਰ ਦੇ ਚੁੱਲ੍ਹੇ-ਚੌਂਕੇ, ਸਾਫ਼-ਸਫ਼ਾਈ, ਕੱਪੜੇ ਧੋਣ, ਨਿਆਣੇ ਸਾਂਭਣ, ਘਰ ਦੇ ਬਜ਼ੁਰਗਾਂ ਦੀ ਪੁੱਛ-ਦੱਸ ਕਰਨ, ਪਤੀ ਸਣੇ ਘਰ ਦੇ ਸਾਰੇ ਜੀਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਸਮੇਤ ਅਨੇਕਾਂ ਕੰਮ ਉਸ ਇਕੱਲੀ ਦੇ ਜ਼ਿੰਮੇ ਲਾਏ ਹੋਏ ਹਨ। ਇੰਨੇ ਕੰਮ ਕਰਨ ਪਿੱਛੋਂ ਉਹਦੇ ਆਪਣੇ ਲਈ ਸਮਾਂ ਕਿੱਥੇ ਬਚਦਾ ਹੈ? ਉਹ ਬਾਹਰ ਵੀ ਸਾਰਾ ਦਿਨ ਡਿਊਟੀ ਨਿਭਾਏ ਅਤੇ ਘਰ ਆ ਕੇ ਵੀ ਕੰਮ ਵਿੱਚ ਰੁੱਝ ਜਾਵੇ ਤਾਂ ਆਰਾਮ ਕਦੋਂ ਕਰੇਗੀ? ਆਖਰ ਉਹ ਵੀ ਇਨਸਾਨ ਹੈ ਤੇ ਉਹਦਾ ਮਨ ਵੀ ਕਰਦਾ ਹੈ ਕਿ ਉਹ ਕੁਝ ਪਲ ਆਰਾਮ ਕਰੇ, ਆਪਣੇ ਕਿਸੇ ਸ਼ੌਕ ਨੂੰ ਵੀ ਸਮਾਂ ਦੇ ਸਕੇ। ਅਕਸਰ ਦੇਖਦੇ ਹਾਂ ਕਿ ਕਿਸੇ ਨੌਕਰੀ ਜਾਂ ਹੋਰ ਕੰਮ ਤੋਂ ਘਰ ਪਰਤ ਕੇ ਮਰਦ ਸਾਥੀ ਤਾਂ ਆਪਣੀ ਮਰਜ਼ੀ ਨਾਲ ਆਰਾਮ ਕਰਨ ਲੱਗ ਜਾਂਦਾ ਹੈ। ਚਾਹ-ਪਾਣੀ ਲਈ ਵੀ ਘਰ ਦੀ ਸੁਆਣੀ ਨੂੰ ਆਦੇਸ਼ ਦਿੱਤਾ ਜਾਂਦਾ ਹੈ। ਨਾਲ ਹੀ ਕੰਮ ਤੋਂ ਮੁੜੀ ਔਰਤ ਨੂੰ ਪਾਣੀ ਵੀ ਆਪ ਪੀਣਾ ਪੈਂਦਾ ਹੈ, ਸ਼ਾਇਦ ਹੀ ਕਿਸੇ ਨੇ ਕਦੇ ਬਾਹਰੋਂ ਕੰਮ ਤੋਂ ਮੁੜੀ ਔਰਤ ਨੂੰ ਪਾਣੀ ਪੁੱਛਿਆ ਹੋਵੇ। ਇਹ ਮਰਦ-ਪ੍ਰਧਾਨ ਸਮਾਜ ਦੀ ਮਾਨਸਿਕਤਾ ਹੈ। ਘਰ ਦੇ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਔਰਤ ਕੋਲ ਹੈ। ਵਿਸ਼ੇਸ਼ ਤੌਰ 'ਤੇ ਰਸੋਈ ਨਾਲ ਜੁੜੇ ਸਾਰੇ ਕੰਮ ਘਰ ਦੀ ਸੁਆਣੀ ਨੂੰ ਹੀ ਕਰਨੇ ਪੈਂਦੇ ਹਨ। ਜੇ ਉਹ ਥੱਕੀ ਹੋਵੇ, ਬਿਮਾਰ ਹੋਵੇ ਤਾਂ ਵੀ ਟੱਬਰ ਦੇ ਮਨ ਵਿੱਚ ਅੰਦਰੂਨੀ ਭਾਵਨਾ ਇਹੀ ਹੁੰਦੀ ਹੈ ਕਿ ਇਹ ਉੱਠ ਕੇ ਕੰਮ-ਕਾਰ ਕਰੇ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਘਰ ਦਾ ਵਜੂਦ ਔਰਤ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਘਰ ਵਿੱਚ ਕੋਈ ਔਰਤ ਹੋਵੇ ਤਾਂ ਹੀ ਘਰ ਲੱਗਦਾ ਹੈ। ਜੇ ਇੱਕ ਦਿਨ ਵੀ ਘਰ ਦੀ ਸੁਆਣੀ ਘਰ ਦੀ ਸਾਰ ਨਾ ਲਵੇ ਜਾਂ ਉਹ ਕਿਧਰੇ ਚਲੀ ਜਾਵੇ ਤਾਂ ਘਰ ਵਿੱਚ ਜਿਹੜੀ ਉਥਲ-ਪੁਥਲ ਮੱਚਦੀ ਹੈ, ਉਸ ਦਾ ਅਨੁਭਵ ਬਹੁਤਿਆਂ ਨੂੰ ਹੋਣਾ ਹੈ। ਸਦੀਆਂ ਤੋਂ ਇਹੋਗੱਲਾਂ ਲੋਕਾਂ ਦੇ ਮਨਾਂ ਵਿੱਚ ਵੱਸ ਜਾਣ ਕਾਰਨ ਔਰਤਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਗਿਆ ਹੈ ਕਿ ਉਹ ਜਿਹੜੀ ਨੌਕਰੀ ਮਰਜ਼ੀ ਕਰੇ, ਘਰ ਦੇ ਸਾਰੇ ਕੰਮ ਉਸੇ ਨੂੰ ਕਰਨੇ ਪੈਣੇ ਹਨ। ਅਸਲ ਵਿੱਚ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਣੀਆਂ ਕੋਈ ਮਾੜੀ ਗੱਲ ਨਹੀਂ, ਪਰ ਜ਼ਿੰਮੇਵਾਰੀ ਮਰਦ-ਸਾਥੀ ਜਾਂ ਘਰ ਦੇ ਹੋਰ ਜੀਆਂ ਦੀ ਵੀ ਹੈ। ਸਾਰੇ ਕੰਮਾਂ ਦਾ ਬੋਝ ਔਰਤ ਦੇ ਮੋਢਿਆਂ 'ਤੇ ਹੀ ਲੱਦ ਦੇਣਾ ਔਰਤ ਨਾਲ ਬੇਇਨਸਾਫ਼ੀ ਹੈ।

ਜੇ ਔਰਤ ਆਪਣੀ ਖ਼ਰਾਬ ਸਿਹਤ ਦਾ ਵਾਸਤਾ ਪਾ ਕੇ ਕੰਮਾਂ ਦੇ ਬੋਝ ਸਬੰਧੀ ਕੋਈ ਸ਼ਿਕਾਇਤ ਕਰੇ ਤਾਂ ਘਰ ਵਿੱਚ ਕਲੇਸ਼ ਪੈ ਜਾਂਦਾ ਹੈ। ਸ਼ਾਇਦ ਇਸੇ ਕਾਰਨ ਔਰਤਾਂ ਮਨ ਮਾਰ ਕੇ ਆਪਣੇ ਕੰਮ ਕਰਦੀਆਂ ਰਹਿੰਦੀਆਂ ਹਨ। ਹੈਰਾਨੀਜਨਕ ਗੱਲ ਹੈ ਕਿ ਸਮਾਜ ਦੀਆਂ ਹੋਰ ਔਰਤਾਂ ਵੀ ਘਰ ਦੀ ਸੁਆਣੀ ਨੂੰ ਦੋਸ਼ੀ ਠਹਿਰਾਉਂਦੀਆਂ ਹਨ ਅਤੇ ਔਰਤ ਦੇ ਹੱਕ ਵਿੱਚ ਕੋਈ ਆਵਾਜ਼ ਨਹੀਂ ਉਠਾਉਂਦਾ। ਇਹ ਵਰਤਾਰਾ ਲਗਾਤਾਰ ਚੱਲੀ ਜਾਂਦਾ ਹੈ ਤੇ ਬਹੁਤੀਆਂ ਔਰਤਾਂ ਇਹੀ ਸਮਝਦੀਆਂ ਹਨ ਕਿ ਇਹੀ ਔਰਤ ਦੀ ਹੋਣੀ ਹੈ। ਜਿੱਥੇ ਕੋਈ ਔਰਤ ਆਪਣੇ ਹੱਕਾਂ ਲਈ ਸਥਾਪਿਤ ਸਥਿਤੀਆਂ ਖਿਲਾਫ਼ ਆਵਾਜ਼ ਉਠਾਉਣ ਦਾ ਹੌਸਲਾ ਕਰਦੀ ਹੈ, ਓਥੇ ਘਰ-ਪਰਿਵਾਰ ਤੇ ਸਮਾਜ ਵਿੱਚ ਉਸ ਦੇ ਵਿਰੁੱਧ ਹੀ ਗੱਲਾਂ ਹੋਣ ਲੱਗਦੀਆਂ ਹਨ।

ਐਤਵਾਰ ਜਾਂ ਛੁੱਟੀ ਵਾਲੇ ਦਿਨ ਘਰ ਦੇ ਸਾਰੇ ਜੀਅ ਮੌਜਾਂ ਮਾਣਦੇ ਹਨ, ਪਰ ਔਰਤ ਭਾਵੇਂ ਕੰਮਕਾਜੀ ਹੋਵੇ, ਭਾਵੇਂ ਘਰੇਲੂ ਔਰਤ, ਉਸ ਨੂੰ ਬਹੁਤ ਘੱਟ ਛੁੱਟੀ ਮਾਨਣ ਦਾ ਮੌਕਾ ਮਿਲਦਾ ਹੈ। ਬੱਚਿਆਂ ਤੇ ਵੱਡਿਆਂ ਦੀਆਂ ਖਾਣ-ਪੀਣ ਦੀਆਂ ਫਰਮਾਇਸ਼ਾਂ ਪੂਰੀਆਂ ਕਰਦਿਆਂ ਘਰ ਦੀ ਸੁਆਣੀ ਦਾ ਸਾਰਾ ਦਿਨ ਰਸੋਈ ਵਿੱਚ ਲੰਘ ਜਾਂਦਾ ਹੈ। ਸਿੱਟੇ ਵਜੋਂ ਉਹ ਪਹਿਲੇ ਦਿਨਾਂ ਨਾਲੋਂ ਵੱਧ ਥੱਕ ਕੇ ਚੂਰ ਹੋ ਜਾਂਦੀ ਹੈ। ਵੱਡਾ ਦੁਖਾਂਤ ਇਹ ਹੈ ਕਿ ਇਸ ਦੇ ਬਾਵਜੂਦ ਸਮਾਜ ਔਰਤ ਦੇ ਕੰਮਾਂ ਨੂੰ ਕੰਮ ਸਮਝਣ ਤੋਂ ਹੀ ਇਨਕਾਰੀ ਹੈ। ਘਰੇਲੂ ਔਰਤਾਂ ਬਾਰੇ ਅਕਸਰ ਇਹ ਹੀ ਕਿਹਾ ਜਾਂਦਾ ਹੈ ਕਿ ਇਹ ਸਾਰਾ ਦਿਨ ਘਰ ਵਿੱਚ ਵਿਹਲੀਆਂ ਰਹਿੰਦੀਆਂ ਹਨ। ਤੁਸੀਂ ਘਰ-ਪਰਿਵਾਰਾਂ ਵਿੱਚ ਦੇਖੋ ਤਾਂ ਘਰੇਲੂ ਸੁਆਣੀਆਂ ਵੀ ਸਾਰਾ ਦਿਨ ਕੰਮਾਂ ਵਿੱਚ ਜੁਟੀਆਂ ਰਹਿੰਦੀਆਂ ਹਨ। ਔਰਤਾਂ ਵੱਲੋਂ ਘਰਾਂ ਵਿੱਚ ਕੀਤੇ ਜਾਂਦੇ ਛੋਟੇ ਛੋਟੇ ਕੰਮਾਂ ਦੀ ਗਿਣਤੀ ਕੀਤੀ ਜਾਵੇ ਤਾਂ ਸ਼ਾਇਦ ਸੈਂਕੜੇ ਕੰਮ ਹੋਣਗੇ। ਅਸਲ ਵਿੱਚ ਘਰ ਦੇ ਕੰਮਾਂ ਦੀ ਗਿਣਤੀ ਕੀਤੀ ਹੀ ਨਹੀਂ ਜਾ ਸਕਦੀ।

ਗੱਲ ਇਹ ਵੀ ਠੀਕ ਹੈ ਕਿ ਕਦੇ ਉਹਦਾ ਵੀ ਜੀਅ ਕਰਦਾ ਹੈ ਕਿ ਲਗਾਤਾਰ ਕੰਮ ਦੇ ਬੋਝ ਤੋਂ ਮੁਕਤ ਹੋਣ ਲਈ, ਉਹਨੂੰ ਵੀ ਕਦੇ ਆਰਾਮ ਕਰਨ ਦਾ ਮੌਕਾ ਮਿਲੇ, ਉਹਨੂੰ ਵੀ ਕੋਈ ਘਰ ਦਾ ਜੀਅ ਥੱਕੀ-ਹਾਰੀ ਨੂੰ ਕਦੇ ਕਹਿ ਦੇਵੇ ਕਿ ਤੂੰ ਵੀ ਆਰਾਮ ਕਰ ਲੈ। ਕੋਈ ਬੈਠੀ ਨੂੰ ਚਾਹ ਦਾ ਕੱਪ ਪੁੱਛ ਲਏ ਤਾਂ ਉਸ ਨੂੰ ਖ਼ੁਸ਼ੀ ਦਾ ਅਹਿਸਾਸ ਹੁੰਦਾ ਹੈ। ਬਜਾਏ ਇਸ ਦੇ ਕਿ ਔਰਤ ਦੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਜਾਵੇ, ਅਕਸਰ ਨੁਕਸ ਕੱਢ ਕੇ ਉਸ ਦੇ ਮਨ ਨੂੰ ਠੇਸ ਲਾਈ ਜਾਂਦੀ ਹੈ।

ਸਾਡੇ ਘਰਾਂ ਦੇ ਬੱਚੇ ਵੀ ਕੰਮ ਘੱਟ ਕਰਦੇ ਹਨ। ਅਜੇ ਕੁੜੀਆਂ ਕਹਿਣ-ਕਹਾਉਣ 'ਤੇ ਕੋਈ ਹੱਥ ਵਟਾ ਦਿੰਦੀਆਂ ਹਨ, ਪਰ ਮੁੰਡੇ ਤਾਂ ਕਿਸੇ ਕੰਮ ਨੂੰ ਹੱਥ ਲਾ ਕੇ ਰਾਜ਼ੀ ਹੀ ਨਹੀਂ। ਜੇ ਘਰ ਵਿੱਚ ਬਾਪ ਔਰਤਾਂ ਨਾਲ ਕਿਸੇ ਕੰਮ ਵਿੱਚ ਮਦਦ ਨਹੀਂ ਕਰਦੇ ਤਾਂ ਬੱਚੇ ਵੀ ਉਸੇ ਰਾਹ ਤੁਰ ਪੈਂਦੇ ਹਨ। ਇਹ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ ਕਿ ਘਰ ਦੇ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਆਪਣੇ ਕੰਮ ਖ਼ੁਦ ਕਰਨ ਦੀ ਆਦਤ ਪਾਈ ਜਾਵੇ। ਇਹ ਸਮਝਣ ਦੀ ਲੋੜ ਹੈ ਕਿ ਔਰਤ ਵੀ ਕੰਮਾਂ ਦੇ ਬੋਝ ਨਾਲ ਅੱਕ-ਥੱਕ ਜਾਂਦੀ ਹੈ। ਉਸ ਨੂੰ ਵੀ ਕਦੇ ਤਾਂ ਕੰਮਾਂ ਤੋਂ ਛੁੱਟੀ ਮਿਲਣੀ ਚਾਹੀਦੀ ਹੈ।

## ਨਸੀਹਤ...

-ਪ੍ਰੋ. ਮੋਹਣ ਸਿੰਘ



ਜਦੋਂ ਤੋਂ ਅਜੋਕੀਆਂ ਤੇਜ਼ ਰਫ਼ਤਾਰ ਰੇਲ ਗੱਡੀਆਂ ਆਈਆਂ ਹਨ, ਲੋਕਾਂ ਦੇ ਸਫ਼ਰ ਕਰਨ ਦੇ ਤਰੀਕੇ ਵੀ ਬਦਲੇ ਹਨ। ਸਫ਼ਰ ਦੀ ਤਰੀਕ ਤੋਂ ਦੋ-ਦੋ ਤਿੰਨ-ਤਿੰਨ ਹਫ਼ਤੇ ਪਹਿਲਾਂ ਸੀਟ ਰਿਜ਼ਰਵ ਕਰਾਉਣੀ ਅੱਜ ਦੇ ਮੁਸਾਫ਼ਿਰ ਦੀਆਂ ਲੋੜਾਂ ਅਨੁਸਾਰ ਨਹੀਂ। ਰਾਜਧਾਨੀ ਜਾਂ ਵੰਦੇ ਭਾਰਤ ਟ੍ਰੇਨਾਂ ਵਿੱਚ ਸਫ਼ਰ ਕਿਸੇ ਹੱਦ ਤੱਕ ਹਵਾਈ ਜਹਾਜ਼ ਦੇ ਸਫ਼ਰ ਦਾ ਮੁਕਾਬਲਾ ਕਰਦਾ ਹੈ। ਉਹ ਜ਼ਮਾਨੇ ਗਏ, ਜਦੋਂ ਮੁਸਾਫ਼ਿਰਾਂ ਦੇ ਸਮਾਨ ਵਿੱਚ ਦੋ ਦੋ ਟਰੰਕ, ਵੱਡਾ ਬਿਸਤਰ-ਬੰਦ, ਇੱਕ ਦੋ ਅਟੈਚੀ ਕੇਸ ਜਾਂ ਏਦਾਂ ਦਾ ਹੋਰ ਭਾਰ ਹੁੰਦਾ ਸੀ ਅਤੇ ਗੱਡੀ ਚੜ੍ਹਾਉਣ ਜਾਣਾ ਵੀ ਵੱਡਾ ਸਮਾਜਿਕ ਵਤੀਰਾ ਸੀ। ਚੜ੍ਹਾਉਣ ਵਾਲਿਆਂ ਦੀ ਗਿਣਤੀ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਜਾਣ ਵਾਲੇ ਦਾ ਸਮਾਜਿਕ ਜਾਂ ਸਿਆਸੀ ਕੱਦ ਜਾਂ ਰੁਤਬਾ ਕੀ ਹੈ ਜਾਂ ਉਹ ਕਿੰਨੀ ਕੁ ਦੂਰ ਜਾ ਰਿਹਾ ਹੈ।

ਰੇਲਵੇ ਨਿਯਮਾਂ ਅਨੁਸਾਰ ਮੁਸਾਫ਼ਰਾਂ ਜਾਂ ਰੇਲਵੇ ਮੁਲਾਜ਼ਮਾਂ ਤੋਂ ਸਿਵਾ ਹੋਰ ਕਿਸੇ ਨੂੰ ਪਲੇਟਫਾਰਮ 'ਤੇ ਆਉਣ ਦੀ ਇਜਾਜ਼ਤ ਨਹੀਂ। ਅਣ-ਅਧਿਕਾਰਤ ਦਾਖਲਾ ਰੋਕਣ ਲਈ ਪਲੇਟਫਾਰਮ ਟਿਕਟ ਜਾਰੀ ਹੋਈ ਸੀ, ਜਿਸ ਦੀ ਕੀਮਤ ਸ਼ੁਰੂ-ਸ਼ੁਰੂ ਵਿੱਚ ਇੱਕ ਆਨਾ ਹੁੰਦੀ ਸੀ। ਇਹ ਬੜੀ ਦੇਰ ਦਸ ਪੈਸੇ ਰਹੀ, ਪਰ ਚੜ੍ਹਾਉਣ ਵਾਲਿਆਂ ਦੀ ਗਿਣਤੀ ਵਧਦੀ ਦੇਖ ਕੇ ਰੇਲਵੇ ਨੇ ਪਲੇਟਫਾਰਮ ਟਿਕਟ ਦਸ ਰੁਪਏ ਕਰ ਦਿੱਤੀ, ਜੋ ਕਈ ਸਟੇਸ਼ਨਾਂ 'ਤੇ ਤੀਹ ਰੁਪਏ ਤੱਕ ਵੀ ਹੈ। ਖੈਰ... ਉਦੋਂ ਸਟੀਮ ਇੰਵਣਾਂ ਦੇ ਵੇਲੇ ਕੋਚ ਦੀਆਂ ਖਿੜਕੀਆਂ ਚੌਰਸ ਅਤੇ ਖੁੱਲ੍ਹੀਆਂ ਹੁੰਦੀਆਂ ਸਨ ਅਤੇ ਭੀੜ ਵਿੱਚ ਕਈ ਸਵਾਰੀਆਂ ਖਿੜਕੀਆਂ ਥਾਣੀਂ ਵੜ ਜਾਂਦੀਆਂ ਸਨ, ਆਪਣੇ ਟਰੰਕ/ਸੂਟਕੇਸ ਬਾਰੀ ਵਿੱਚੋਂ ਵਾੜ ਦੇਣੇ। ਇਸੇ ਲਈ ਰੇਲਵੇ ਨੇ ਬਾਰੀਆਂ ਅੱਗੇ ਸੀਖਾਂ ਲਾ ਦਿੱਤੀਆਂ; ਤਦ ਵੀ ਅੰਦਰ ਬੈਠਾ ਸ਼ਖ਼ਸ ਪਲੇਟਫਾਰਮ 'ਤੇ ਖੜ੍ਹੇ ਕਿਸੇ ਸੱਜਣ-ਮਿੱਤਰ ਨਾਲ ਗੱਲ-ਬਾਤ ਕਰ ਸਕਦਾ ਸੀ।ਅੱਜ ਕੱਲ੍ਹ ਮੋਟੇ ਸ਼ੀਸ਼ੇ ਨਾਲ ਬੰਦ ਬਾਰੀਆਂ ਵਿੱਚੋਂ ਬਾਹਰ ਦਾ ਨਜ਼ਾਰਾ ਤਾਂ ਦਿੱਸਦਾ ਹੈ, ਆਵਾਜ਼ ਅੰਦਰ ਬਾਹਰ ਨਹੀਂ ਜਾ ਸਕਦੀ।

1980ਵਿਆਂ ਵਿੱਚ ਬਹੁਤੇ ਕੋਚ ਤੀਜੇ ਦਰਜੇ ਦੇ ਮੁਸਾਫ਼ਿਰਾਂ ਲਈ ਹੁੰਦੇ ਸਨ ਤੇ ਇੱਕ ਦੋ ਦੂਜੇ ਦਰਜੇ ਲਈ। ਕਿਸੇ ਕਿਸੇ ਟਰੇਨ ਵਿੱਚ ਪਹਿਲੇ ਦਰਜੇ ਦਾ ਵੀ ਡੱਬਾ ਹੁੰਦਾ ਸੀ। ਜਿਉਂ ਹੀ ਗਾਰਡ ਨੇ ਸੀਟੀ ਵਜਾ ਕੇ ਇਸ਼ਾਰਾ ਦੇਣਾ, ਨਾਲ ਹਰੀ ਝੰਡੀ ਦਿਖਾਉਣੀ, ਇੰਵਣ ਨੇ ਸਟਾਰਟ ਹੋਣ ਦਾ ਵਿਸਲ ਦੇਣਾ ਤੇ ਟਰੇਨ ਮਲਕੜੇ ਜਿਹੇ ਚੱਲ ਪੈਣੀ। ਬਾਹਰ ਪਲੇਟਫਾਰਮ 'ਤੇ ਚੜ੍ਹਾਉਣ ਆਏ ਲੋਕਾਂ ਨੇ ਵੀ ਟਰੇਨ ਦੇ ਨਾਲ ਨਾਲ ਕੁਝ ਕਦਮ ਤੁਰੀ ਜਾਣਾ ਅਤੇ ਜਾ ਰਹੇ ਮੁਸਾਫ਼ਿਰਾਂ ਨੂੰ ਹੱਥ ਹਿਲਾ ਹਿਲਾ ਕੇ 'ਬਾਇ ਬਾਇ' ਕਰਨਾ। ਕਈ ਲੇਟ-ਲਤੀਫ਼ ਤੇਜ਼ ਹੋ ਚੁੱਕੀ ਗੱਡੀ ਦੇ ਪਿੱਛੇ ਦੌੜਦੇ ਦੇਖੇ ਜਾ ਸਕਦੇ ਸਨ। ਟਰੇਨ ਜਾਣ ਮਗਰੋਂ ਪਲੇਟਫਾਰਮ ਦੀ ਸਾਰੀ ਰੌਣਕ ਖ਼ਤਮ ਹੋ ਜਾਂਦੀ ਸੀ।

ਮੈਨੂੰ ਯਾਦ ਹੈ, ਅੰਮ੍ਰਿਤਸਰ ਤੋਂ ਦਿਨ ਵੇਲੇ ਦਿੱਲੀ ਜਾਣ ਲਈ ਫਲਾਇੰਗ ਮੇਲ ਬੜੀ ਪਸੰਦੀਦਾ ਟਰੇਨ ਸੀ। ਇਹੀ ਟਰੇਨ ਇੰਵਣ ਦੂਸਰੇ ਪਾਸੇ ਲੱਗ ਕੇ ਵਾਪਸ ਆਉਂਦੀ ਸੀ। ਮੈਂ ਖ਼ਾਲਸਾ ਕਾਲਜ ਦਿੱਲੀ ਦੇ ਪ੍ਰੋਫੈਸਰ ਹਰਬਖ਼ਸ਼ ਸਿੰਘ ਹੰਸਪਾਲ ਨੂੰ ਗੱਡੀ ਚੜ੍ਹਾਉਣ ਅੰਮ੍ਰਿਤਸਰ ਸਟੇਸ਼ਨ 'ਤੇ ਜਾਣਾ ਸੀ।ਗੱਡੀ ਚੱਲਣ ਦਾ ਸਮਾਂ ਪੱਕਾ ਇੱਕ ਵਜੇ ਦੁਪਹਿਰ ਸੀ। ਅਸੀਂ ਬਹੁਤ ਪਹਿਲਾਂ ਸਵਾ ਕੁ ਬਾਰਾਂ ਵਜੇ ਪਲੇਟਫਾਰਮ 'ਤੇ ਪਹੁੰਚ ਗਏ ਸਾਂ। ਥੋੜ੍ਹੀ ਦੇਰ ਬਾਅਦ ਦਿੱਲੀਓਂ ਆਉਣ ਵਾਲੀ ਟਰੇਨ ਆਈ ਤੇ ਪਲੇਟਫਾਰਮ ਭੀੜ ਨਾਲ ਭਰ ਗਿਆ। ਹੌਲੀ ਹੌਲੀ ਦਿੱਲੀ ਜਾਣ ਵਾਲੀਆਂ ਸਵਾਰੀਆਂ ਆਉਣ ਲੱਗੀਆਂ। ਪ੍ਰੋਫੈਸਰ ਸਾਹਿਬ ਦੀ ਸੀਟ ਰਿਜ਼ਰਵ ਸੀ, ਸਮਾਨ ਵੀ ਕੋਈ ਖਾਸ ਨਹੀਂ ਸੀ।

ਬਾਹੀ ਵਰਗਾ ਸਿਗਨਲ ਡਾਊਨ ਹੋਇਆ, ਨਾਲ ਹੀ ਬੱਤੀ ਲਾਲ ਤੋਂ ਹਰੀ ਹੋਈ। ਗਾਰਡ ਨੇ ਸੀਟੀ ਵਜਾਈ ਤੇ ਹਰੀ ਝੰਡੀ ਵੀ ਲਹਿਰਾਈ। ਇੰਵਣ ਨੇ ਵੀ ਲੰਮਾ ਸਾਰਾ ਵਿਸਲ ਦਿੱਤਾ ਤੇ ਟਰੇਨ ਤੁਰ ਪਈ। ਬਾਕੀ ਲੋਕਾਂ ਵਾਂਗ ਮੈਂ ਵੀ ਟਰੇਨ ਦੇ ਨਾਲ ਨਾਲ ਤੁਰ ਰਿਹਾ ਸਾਂ। ਹੰਸਪਾਲ ਸਾਹਿਬ ਦਰਵਾਜ਼ੇ 'ਚ ਖੜ੍ਹੇ ਆਪਣੇ ਰੁਮਾਲ-ਫੜੇ ਹੱਥ ਨਾਲ 'ਬਾਇ ਬਾਇ' ਪ੍ਰਵਾਨ ਕਰ ਰਹੇ ਸਨ। ਟਰੇਨ ਕੁਝ ਤੇਜ਼ ਹੋ ਗਈ। ਜਿਹੜਾ ਡੱਬਾ ਮੇਰੇ ਸਾਹਮਣੇ ਆਇਆ, ਉਸ ਦੇ ਗੇਟ 'ਤੇ ਖੜ੍ਹੀ ਕੋਈ ਔਰਤ ਚੀਕ-ਚਿਹਾੜਾ ਪਾ ਰਹੀ ਸੀ। ਕੁੱਛੜ ਉਸ ਦੇ ਬੱਚਾ ਸੀ ਤੇ ਉਹ ਚੱਲਦੀ ਗੱਡੀ ਤੋਂ ਉਤਰਨ ਲਈ ਤਰਲੋ-ਮੱਛੀ ਹੋ ਰਹੀ ਸੀ; ਜਿਵੇਂ ਉਸ ਨੇ ਬਾਅਦ 'ਚ ਦੱਸਿਆ, ਉਸ ਦੀ ਸਾਥਣ ਜਿਸ ਨੇ ਸਾਰੇ ਸਫ਼ਰ ਦੀ ਅਗਵਾਈ ਕਰਨੀ ਸੀ ਤੇ ਟਿਕਟਾਂ ਵੀ ਉਸੇ ਕੋਲ ਸਨ, ਸਟੇਸ਼ਨ 'ਤੇ ਨਹੀਂ ਸੀ ਆਈ। ਘਬਰਾਹਟ ਵਿੱਚ ਉਹ ਔਰਤ ਚੱਲਦੀ ਗੱਡੀ ਵਿੱਚੋਂ ਛਾਲ ਮਾਰਨ ਵਾਲੀ ਸੀ। ਮੇਰੇ ਪਾਸੋਂ ਰਿਹਾ ਨਾ ਗਿਆ। ਮੈਂ ਉਸ ਦਾ ਬੱਚਾ ਫੜਿਆ ਤੇ ਉਹ ਕਿਸੇ ਤਰ੍ਹਾਂ ਉੱਤਰ ਗਈ।ਬੱਚਾ ਉਸ ਨੂੰ ਦੇ ਦਿੱਤਾ ਪਰ ਕੀ ਦੇਖਦੇ ਹਾਂ, ਉਸ ਦੀ ਲੇਟ ਹੋਈ ਸਾਥਣ ਭੱਜੀ ਭੱਜੀ ਆਣ ਰਲੀ। ਉਹ ਦੋਵੇਂ ਜਣੀਆਂ ਤੇਜ਼ ਹੋ ਚੁੱਕੀ ਗੱਡੀ ਵਿੱਚ ਚੜ੍ਹਨਾ ਚਾਹੁੰਦੀਆਂ ਸਨ।ਇੱਕ ਦੋ ਕੋਚ ਲੰਘ ਚੁੱਕੇ ਸਨ। ਜਿਹੜਾ ਕੋਚ ਸਾਹਮਣੇ ਆਇਆ, ਉਸ ਦੀ ਸਾਥਣ ਉਸ ਵਿੱਚ ਚੜ੍ਹ ਗਈ। ਉਸ ਦੇ ਮਗਰ ਉਸ ਔਰਤ ਨੇ ਬੱਚਾ ਮੈਨੂੰ ਫੜਾ ਦਿੱਤਾ ਅਤੇ ਆਪ ਵੀ ਚੜ੍ਹ ਗਈ। ਟਰੇਨ ਕੁਝ ਹੋਰ ਤੇਜ਼ ਹੋ ਗਈ।ਗੱਲ ਕੀ, ਕਾਫ਼ੀ ਦੌੜ ਕੇ ਡਿੱਗਦੇ ਡਿੱਗਦੇ ਮੈਂ ਉਸ ਦਾ ਬੱਚਾ ਤੇਜ਼ ਹੋ ਚੁੱਕੀ ਗੱਡੀ ਵਿੱਚ ਫੜਾਇਆ। ਆਖਰੀ ਕੋਚ ਦੇ ਗੇਟ ਵਿੱਚ ਖੜ੍ਹਾ ਗਾਰਡ ਮੇਰੇ ਲਾਗਿਓਂ ਲੰਘਿਆ। ਮੈਂ ਉਸ ਦਾ ਗੁੱਸੇ ਭਰਿਆ ਅੰਦਾਜ਼ ਸਮਝ ਸਕਦਾ ਸਾਂ।

ਖੈਰ... ਫਲਾਇੰਗ ਮੇਲ ਇੱਕ ਨੰਬਰ ਪਲੇਟਫਾਰਮ ਤੋਂ ਦਿੱਲੀ ਵੱਲ ਨਿਕਲ ਗਈ ਅਤੇ ਪਿੱਛੇ ਰਹਿ ਗਏ ਉਹ ਲੋਕ ਜੋ ਕਿਸੇ ਨਾ ਕਿਸੇ ਨੂੰ ਚੜ੍ਹਾਉਣ ਆਏ ਸਨ। ਮੈਂ ਉਨ੍ਹਾਂ ਇਸਤਰੀਆਂ ਨੂੰ ਬਿਲਕੁਲ ਨਹੀਂ ਸਾਂ ਜਾਣਦਾ, ਪਰ ਸਾਰੀ ਭੀੜ, ਵਿੱਚੇ ਰੇਲਵੇ ਮੁਲਾਜ਼ਮ ਇਹ ਸਮਝ ਰਹੇ ਸਨ ਕਿ ਮੈਂ ਉਨ੍ਹਾਂ ਨੂੰ ਚੜ੍ਹਾਉਣ ਆਇਆ ਸਾਂ। ਪ੍ਰੋਫੈਸਰ ਹੰਸਪਾਲ ਵਾਲਾ ਡੱਬਾ ਤਾਂ ਸਟੇਸ਼ਨ ਤੋਂ ਦੂਰ ਦਿੱਲੀ ਵਾਲੇ ਪਾਸੇ ਨਿਕਲ ਚੁੱਕਾ ਸੀ ਤੇ ਉਨ੍ਹਾਂ ਨੂੰ ਬਿਲਕੁਲ ਖ਼ਬਰ ਨਹੀਂ ਸੀ ਕਿ ਇਸ ਅੱਧੇ ਕੁ ਮਿੰਟ ਵਿੱਚ ਕੀ ਘਟਨਾਕ੍ਰਮ ਵਾਪਰ ਚੁੱਕਾ ਹੈ। ਮੈਂ ਚਕਾਚੌਂਧ ਹੋਇਆ ਪਿਆ ਸਾਂ ਤੇ ਹਰ ਕੋਈ ਮੈਨੂੰ ਨਸੀਹਤਾਂ ਦੇ ਰਿਹਾ ਸੀ: ਜੇ ਦਸ ਮਿੰਟ ਪਹਿਲਾਂ ਤੁਰ ਪਓ ਤਾਂ ਇਹੋ ਜਿਹੇ ਮੌਕੇ ਨਹੀਂ ਵਾਪਰਦੇ।

ਜਦੋਂ ਸਭ ਠੰਢ-ਠੰਢੋਲਾ ਹੋਇਆ ਤਾਂ ਮੈਂ ਦੋ ਤਿੰਨ ਵਾਕਾਂ ਵਿੱਚ ਆਪਣਾ ਸਪੱਸ਼ਟੀਕਰਨ ਬਣਾਇਆ ਜ਼ਰੂਰ, ਪਰ ਪਤਾ ਨਹੀਂ ਕਿਸੇ ਨੂੰ ਯਕੀਨ ਆਇਆ ਹੋਵੇ ਕਿ ਨਾ। ਇਸ ਪਿੱਛੋਂ ਕਿਸੇ ਨੂੰ ਗੱਡੀ ਚੜ੍ਹਾਉਣ ਦਾ ਅਵਸਰ ਨਹੀਂ ਬਣਿਆ।

## ਲੰਘ ਆ ਜਾ ਪੱਤਣ ਝਨਾਂ ਦਾ...

-ਸ਼ਵਿੰਦਰ ਕੌਰ

ਪੰਜਾਬ ਨਾਂ ਫ਼ਾਰਸੀ ਦੇ ਸ਼ਬਦ ਪੰਜ+ਆਬ ਤੋਂ ਪਿਆ ਹੈ, ਭਾਵ ਪੰਜ ਪਾਣੀਆਂ ਦੀ ਧਰਤੀ। ਪਰਬਤਾਂ 'ਚੋਂ ਨਿਕਲਦੇ ਇਨ੍ਹਾਂ ਪੰਜ ਦਰਿਆਵਾਂ ਰਾਹੀਂ ਲਿਆਂਦੀ ਮਿੱਟੀ ਨੇ ਇਸ ਦੀ ਭੂਮੀ ਨੂੰ ਜਰਖੇਜ਼ ਬਣਾਇਆ ਹੈ। ਇਸ ਲਈ ਇਸ ਦੇ ਮੈਦਾਨੀ ਭਾਗ ਬਹੁਤ ਉਪਜਾਊ ਹਨ। ਇਸੇ ਲਈ ਇਹ ਖਿੱਤਾ ਪੈਦਾਵਾਰ ਦੇ ਪੱਖੋਂ ਸਭ ਤੋਂ ਵੱਧ ਉਤਪਾਦਕ ਹੈ। ਇਨ੍ਹਾਂ ਦਰਿਆਵਾਂ ਕੰਢੇ ਸਾਡੇ ਅਮੀਰ ਸੱਭਿਆਚਾਰ ਦੀ ਉਤਪਤੀ ਹੋਈ। ਦਰਿਆਵਾਂ ਦੇ ਪਾਣੀਆਂ ਨੇ ਪ੍ਰੇਮੀਆਂ ਦੇ ਇਸ਼ਕ ਨੂੰ ਹੁਲਾਰਾ ਦਿੱਤਾ। ਹੀਰ-ਰਾਂਝਾ, ਸੋਹਣੀ-ਮਹੀਂਵਾਲ ਦੀ ਮੁਹੱਬਤ ਦੀ ਕਹਾਣੀ ਅੱਜ ਵੀ ਇਹ ਦਰਿਆ ਸਾਂਭੀ ਬੈਠੇ ਹਨ।

ਪੰਜਾਬ ਦੀ ਵੰਡ ਨੇ ਜਿੱਥੇ ਹਮਸਾਇਆ ਨੂੰ ਵੰਡ ਦਿੱਤਾ, ਉੱਥੇ ਦਰਿਆ ਵੀ ਵੰਡੇ ਗਏ।ਅੱਜ ਅਸੀਂ ਚਨਾਬ, ਜਿਸ ਨੂੰ ਲੋਕ ਜੀਵਨ ਅਤੇ ਖ਼ਾਸ ਕਰਕੇ ਲੋਕ ਸਾਹਿਤ ਵਿੱਚ ਝਨਾਂ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਦੀ ਗੱਲ ਕਰਾਂਗੇ। ਇਹ ਉੱਤਰ-ਪੱਛਮੀ ਭਾਰਤ ਅਤੇ ਪਾਕਿਸਤਾਨ ਵਿੱਚ ਵਗਣ ਵਾਲਾ ਵੱਡਾ ਦਰਿਆ ਹੈ। ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਵਿੱਚ ਲਾਹੁਲ ਦੇ ਨੇੜਿਉਂ ਦੋ ਨਦੀਆਂ ਚੰਦ੍ਰਾ ਅਤੇ ਭਾਗਾ ਦੇ ਸੰਗਮ ਨਾਲ ਹੋਂਦ ਵਿੱਚ ਆਉਂਦਾ ਹੈ। ਚੰਦ੍ਰਾ ਦੇ ਤੰਦ ਦੇ ਸਥਾਨ ਤੋਂ ਭਾਗਾ ਨਦੀ ਨਾਲ ਸੰਗਮ ਕਰਕੇ ਇਨ੍ਹਾਂ ਇਕੱਠੀਆਂ ਹੋਈਆਂ ਨਦੀਆਂ ਨੂੰ ਚੰਦ੍ਰਭਾਗਾ ਜਾਂ ਚਨਾਬ ਦਰਿਆ ਕਿਹਾ ਜਾਂਦਾ ਹੈ।

ਦਰਿਆਵਾਂ ਦੇ ਨਾਲ ਮਨੁੱਖ ਦਾ ਗੂੜ੍ਹਾ ਸਬੰਧ ਹੈ।ਇਨ੍ਹਾਂ ਦੇ ਪਾਣੀਆਂ ਨਾਲ ਸਾਡੀਆਂ ਫ਼ਸਲਾਂ ਹੀ ਨਹੀਂ ਪਲਦੀਆਂ, ਸਗੋਂ ਸਾਡੀ ਆਰਥਿਕਤਾ ਇਨ੍ਹਾਂ ਨਾਲ ਜੁੜੀ ਹੋਈ ਹੈ। ਇਹ ਸਾਡੀ ਸੱਭਿਅਤਾ ਨੂੰ ਜਨਮ ਦੇਣ ਵਾਲੇ ਹਨ। ਪੰਜਾਬੀਆਂ ਦੀਆਂ ਦਰਿਆਵਾਂ ਪ੍ਰਤੀ ਭਾਵਨਾਵਾਂ ਨੂੰ ਪ੍ਰੋ. ਪੂਰਨ ਸਿੰਘ ਨੇ ਆਪਣੀ ਇੱਕ ਕਵਿਤਾ ਵਿੱਚ ਪ੍ਰਗਟ ਕੀਤਾ ਹੈ:

ਰਾਵੀ ਸੋਹਣੀ ਪਈ ਵਗਦੀ, ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਿਆ ਖਿੱਚਦਾ, ਮੈਨੂੰ ਝਨਾਂ 'ਵਾਜ਼ਾਂ ਮਾਰਦੀ
ਮੈਨੂੰ ਜੇਹਲਮ ਪਿਆਰਦਾ,
ਅਟਕਾਂ ਦੀਆਂ ਲਹਿਰਾਂ ਦੀ ਠਾਠ ਮੇਰੇ ਬੂਹੇ'ਤੇ ਵੱਜਦੀ।

ਝਨਾਂ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ਼ਕ ਝਨਾਂ ਦੇ ਪਾਣੀਆਂ ਵਿੱਚ ਨੱਚਦਾ ਹੈ। ਇਸ ਲਈ ਪੰਜਾਬੀ ਲੋਕਧਾਰਾ ਵਿੱਚ ਗੀਤ, ਟੱਪੇ, ਬੋਲੀਆਂ ਅਤੇ ਸਾਹਿਤ ਵਿੱਚ ਝਨਾਂ ਨੂੰ ਪੂਰੀ ਥਾਂ ਮਿਲੀ ਹੋਈ ਹੈ।

ਪਹਾੜੀ ਖੇਤਰ ਦਾ ਇੱਕ ਲੋਕ ਗੀਤ ਝਨਾਂ ਦੀ ਚਾਲ ਦੀ ਗੱਲ ਕਰਦਾ ਹੈ :

ਬੂੱਤ ਵਨੋਟਿਆਂ, ਤੇਰੀ ਠੰਢੀ ਲਹਿਰ ਹੈ ਕਾਫ਼ੀ ਛਾਂ ਦੀ।
ਮਿੱਠੀ ਬੋਲੀ ਥਲ ਦੀ, ਲਿਡਕਾਵੀਂ ਚਾਲ ਝਨਾਂ ਦੀ।

ਝਨਾਂ ਨਾਲ ਕਈ ਪ੍ਰੀਤ ਕਹਾਣੀਆਂ ਜੁੜੀਆਂ ਹੋਣ ਕਰਕੇ ਇਹ ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੈ। ਇਸ ਦੇ ਪਾਣੀਆਂ ਨੇ ਮੁਹੱਬਤੀ ਰੂਹਾਂ ਨੂੰ ਜਨਮ ਦਿੱਤਾ ਹੈ। ਇਸੇ ਕਰਕੇ ਸਾਹਿਤ ਵਿੱਚ ਇਸ ਨੂੰ ਅਕਸਰ ਪ੍ਰੇਮ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ। ਸੌਦਾਗਰ ਇੱਜ਼ਤ ਬੇਗ ਉੱਤੇ ਝਨਾਂ ਦੇ ਕੰਢਿਆਂ ਦੀ ਖ਼ੂਬਸੂਰਤੀ ਤੇ ਸੋਹਣੀ ਦੇ ਸੁਹੱਪਣ ਨੇ ਅਜਿਹਾ ਜਾਦੂ ਕੀਤਾ ਕਿ ਉਹ ਮੁੜ ਬੁਖਾਰੇ ਜਾਣ ਜੋਗਾ ਨਾ ਰਿਹਾ। ਸੋਹਣੀ ਦੇ ਪਿਆਰ ਵਿੱਚ ਗੁਆਚੇ ਇੱਜ਼ਤ ਬੇਗ ਨੇ ਮਹੀਵਾਲ ਬਣ ਕੇ ਕੁੱਲੀ ਵੀ ਝਨਾਂ ਦੇ ਕੰਢੇ ਪਾ ਲਈ ਸੀ। ਸੋਹਣੀ ਆਪਣੇ ਪ੍ਰੇਮੀ ਮਹੀਂਵਾਲ ਨੂੰ ਰੋਜ਼ ਘੜੇ ਉੱਤੇ ਠਾਠਾਂ ਮਾਰਦੇ ਝਨਾਂ ਦੇ ਪਾਣੀ ਨੂੰ ਪਾਰ ਕਰ ਕੇ ਮਿਲਣ ਜਾਇਆ ਕਰਦੀ ਸੀ।ਇੱਕ ਦਿਨ ਨਨਾਣ ਵੱਲੋਂ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖਣ ਕਰ ਕੇ ਘੜਾ ਖੁਰਨਾ ਸ਼ੁਰੂ ਹੋ ਗਿਆ। ਸੋਹਣੀ ਆਪਣੇ ਇਸ਼ਟ ਨੂੰ ਧਿਆਉਂਦੀ ਕਹਿੰਦੀ ਹੈ :

ਰਾਤ ਹਨੇਰੀ ਲਿਸ਼ਕਣ ਤਾਰੇ,
ਕੱਚੇ ਘੜੇ ਉੱਤੇ ਮੈਂ ਤਰਦੀ,
ਵੇਖੀਂ ਰੱਬਾ ਖੈਰ ਕਰੀਂ,
ਤੇਰੀ ਆਸ 'ਤੇ ਮੂਲ ਨਾ ਡਰਦੀ।
ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ,
ਮੈਨੂੰ ਵੀ ਲੈ ਚੱਲ ਪਾਰ ਘੜਿਆ।
ਵੇਖਣ ਨੂੰ ਦੋਵੇਂ ਨੈਣ ਤਰਸਦੇ,
ਮੇਲ ਦਈਂ ਦਿਲਦਾਰ ਘੜਿਆ।




ਸੋਹਣੀ ਝਨਾਂ ਦੇ ਪਾਣੀਆਂ ਵਿੱਚ ਆਪ ਤਾਂ ਡੁੱਬ ਗਈ, ਪਰ ਆਪਣੇ ਇਸ਼ਕ ਨੂੰ ਅਮਰ ਕਰ ਗਈ ਅਤੇ ਪੰਜਾਬੀਆਂ ਦੇ ਦਿਲਾਂ 'ਤੇ ਆਪਣੀ ਪ੍ਰੀਤ ਕਹਾਣੀ ਦੀ ਅਮਿੱਟ ਛਾਪ ਛੱਡ ਗਈ ਹੈ:

ਸੋਹਣੀ ਜਿਹੀ ਕਿਸੇ ਪ੍ਰੀਤ ਕੀ ਕਰਨੀ
ਸ਼ੂਕਦੇ ਪਾਣੀਆਂ 'ਚ ਘੜੇ 'ਤੇ ਤਰਦੀ
ਵਿੱਚ ਝਨਾਂ ਦੇ ਡੁੱਬ ਕੇ ਸੋਹਣੀ
ਅਮਰ ਪ੍ਰੀਤ ਨੂੰ ਕਰ ਗਈ।

ਤਖ਼ਤ ਹਜ਼ਾਰੇ ਦੇ ਚੌਧਰੀ ਦਾ ਮੁੰਡਾ ਧੀਦੋ ਇੱਕ ਵਾਰ ਝਨਾਂ ਦਾਪੱਤਣ ਪਾਰ ਕਰ ਕੇ ਪ੍ਰੇਮ ਦਾ ਪੱਟਿਆ ਮੁੜ ਘਰ ਨਾ ਪਰਤਿਆ। ਹੀਰ ਦੇ ਪਿਆਰ ਵਿੱਚ ਡੁੱਬਿਆ ਬਾਰਾਂ ਸਾਲ ਇਸ ਦੇ ਕੰਢੇ ਬੇਲਿਆਂ ਵਿੱਚ ਉਨ੍ਹਾਂ ਦੀਆਂ ਮੱਝਾਂ ਚਾਰਦਾ ਰਿਹਾ, ਪਰ ਇੱਕ ਅਮੀਰ ਬਾਪ ਮੱਝੀਆਂ ਦੇ ਝੇੜੂ ਨੂੰ ਆਪਣੀ ਧੀ ਵਿਹਾਉਣ ਤੋਂ ਇਨਕਾਰੀ ਹੋ ਗਿਆ। ਬੇਸ਼ੱਕ ਉਨ੍ਹਾਂ ਦਾ ਪਿਆਰ ਸਮਾਜਿਕ ਬੰਦਸ਼ਾਂ ਕਾਰਨ ਸਿਰੇ ਨਾ ਚੜ੍ਹ ਸਕਿਆ, ਪਰ ਉਨ੍ਹਾਂ ਦੇ ਪਿਆਰ ਦੀਆਂ ਕਥਾਵਾਂ ਲੋਕਾਂ ਅੰਦਰ ਐਨੀਆਂ ਮਕਬੂਲ ਹੋਈਆਂ ਕਿ ਅਮਰ ਹੋ ਗਈਆਂ। ਹੀਰ, ਰਾਂਝੇ ਦੇ ਇਸ਼ਕ ਵਿੱਚ ਆਪਾ ਵਾਰ ਕੇ ਕੂਕ ਉੱਠੀ ਸੀ:

ਰਾਂਝਾ ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ,
ਸੱਦੋ ਨੀਂ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿੱਚ, ਮੈਂ ਰਾਂਝੇ ਵਿੱਚ, ਹੋਰ ਖਿਆਲ ਨਾ ਕੋਈ।
ਮੈਂ ਨਹੀਂ, ਉਹ ਆਪੇ ਹੈ, ਆਪਣੀ ਆਪ ਕਰੇ ਦਿਲਜੋਈ।

ਪ੍ਰੋਫੈਸਰ ਮੋਹਨ ਸਿੰਘ ਝਨਾਂ ਨਾਲ ਆਪਣੇ ਇਸ਼ਕ ਦੀ ਬਾਤ ਕਵਿਤਾ 'ਝਨਾਂ' ਵਿੱਚ ਪਾਉਂਦੇ ਹੋਏ ਕਹਿੰਦੇ ਹਨ :

ਮੇਰੇ ਫੁੱਲ ਝਨਾਂ ਵਿੱਚ ਪਾਣੇ
ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ,
ਕਦਰ ਇਨ੍ਹਾਂ ਦੀ ਕੋਈ ਆਸ਼ਕ ਪਾਵੇ
ਮੇਰੇ ਫੁੱਲ ਝਨਾਂ ਵਿੱਚ ਪਾਣੇ।

ਅੱਜ ਲੋੜ ਹੈ ਕਿ ਅਸੀਂ ਆਪਣੇ ਦਰਿਆਵਾਂ ਨੂੰ ਪਲੀਤ ਕਰਨ ਦੀ ਥਾਂ ਇਨ੍ਹਾਂ ਦੀ ਸੰਭਾਲ ਕਰੀਏ। ਕੁਦਰਤ ਵੱਲੋਂ ਬਖ਼ਸ਼ੇ ਇਨ੍ਹਾਂ ਅਨਮੋਲ ਤੋਹਫਿਆਂ ਦੀ ਕਦਰ ਕਰੀਏ। ਪੰਜਾਬ ਦੀ ਹੋਂਦ ਦਰਿਆਵਾਂ ਨਾਲ ਜੁੜੀ ਹੋਈ ਹੈ। ਜਿੰਨੀ ਦੇਰ ਸਾਡੇ ਦਰਿਆ ਸਲਾਮਤ ਰਹਿਣਗੇ, ਉਦੋਂ ਤੱਕ ਸੁਰਿੰਦਰ ਕੌਰ ਦੀ ਮਿੱਠੀ ਆਵਾਜ਼ 'ਚ ਗਾਇਆ ਇਹ ਗੀਤ ਪੰਜਾਬ ਦੀਆਂ ਫਿਜ਼ਾਵਾਂ ਵਿੱਚ ਗੂੰਜਦਾ ਰਹੇਗਾ :

ਲੰਘ ਆ ਜਾ ਪੱਤਣ ਝਨਾਂ ਦਾ, ਓ ਯਾਰ।
ਲੰਘ ਆ ਜਾ ਪੱਤਣ ਝਨਾਂ ਦਾ।
ਸਿਰ ਸਦਕੇ ਮੈਂ ਜਾਵਾਂ ਤੇਰੇ ਨਾਂ, ਓ ਯਾਰ।
ਲੰਘ ਆ ਜਾ ਪੱਤਣ ਝਨਾਂ ਦਾ।

## ਨਾਹਣੂ ਨੂੰ ਦਿੱਤੀ ਥਾਪੀ

-ਰੂਪ ਸਤਵੰਤ ਸਿੰਘ

ਸਰਕਾਰੀ ਛੁੱਟੀ ਸੀ। ਰੋਜ਼ ਵਾਂਗ, ਮੈਂ ਤੜਕੇ ਉੱਠਿਆ, ਨ੍ਹਾਤਾ ਤੇ ਚਾਹ ਦੀਆਂ ਚੁਸਕੀਆਂ ਲੈਂਦਾ ਬਹਿ ਗਿਆ ਨਿੰਮ ਥੱਲੇ, ਅਖ਼ਬਾਰ ਦੀ ਜਾਮਾ-ਤਲਾਸ਼ੀ ਲੈਣ। ਜਦ ਵੀ ਪਿੰਡ ਆਇਆ ਹੋਵਾਂ ਤਾਂ ਨਵੇਂ ਜਿਹੇ ਛੋਹਰ ਤੇ ਬਜ਼ੁਰਗ ਅਕਸਰ ਮੇਰੇ ਕੋਲ ਆ ਬਹਿੰਦੇ ਹਨ। ਗੱਲਾਂ ਦਾ ਹਰੇਕ ਨੂੰ ਮੱਸ ਹੁੰਦੈ, ਮੈਨੂੰ ਵੀ ਆ। ਓਦਣੇ ਵੇਹੜੇ ਵਿੱਚ ਬੈਠੇ ਨੂੰ ਨਾਹਣੂ ਨੇ ਵੇਖ ਲਿਆ।

''ਚਾਚਾ ਕੈਮ ਆਂ। ਅੱਜ ਫੇਰ ਛੁੱਟੀ ਇੰਜੁਆਏ ਹੋ ਰਹੀ ਆ। ਐਂ ਲੋਟ ਆ ਥੋਡਾ ਸਰਕਾਰੀਆਂ ਦਾ'', ਗੇਟਾਂ ਵਿੱਚ ਖੜ੍ਹੇ ਨਾਹਣੂ ਨੇ ਟਿੱਚਰ ਕੀਤੀ। ਨਾਹਣੂ, ਵਿਹਲੜ ਪਿਉ ਤੇ ਰੋਗਣ ਮਾਂ ਦਾ 12 ਪੜ੍ਹਿਆ ਛੋਹਰ ਆ। ਕਦੇ ਮਿੱਟੀ ਆਲਿਆਂ ਨਾਲ ਠੇਕੇ 'ਤੇ ਟਰੈਕਟਰ ਚਲਾਉਣ ਲੱਗ ਜਾਂਦਾ, ਕਦੇ ਬੀਮਾ ਕੰਪਨੀ ਦਾ ਕਾਰਡ ਗਲ ਪਾਈ ਫਿਰੂ ਅਤੇ ਕਦੇ ਡੈਂਟਿੰਗ-ਪੇਂਟਿੰਗ। ਨਾ ਛੇਤੀ ਕਿਤੇ ਦਿਮਾਗ ਟਿਕਦਾ ਤੇ ਨਾ ਉਹ। ਉਮਰ ਵਿੱਚ ਨਾਹਣੂ ਮੈਥੋਂ 6-7 ਸਾਲ ਛੋਟਾ, ਪਰ ਜਿਵੇਂ ਪਿੰਡਾਂ ਦਾ ਰਿਵਾਜ਼ ਹੁੰਦਾ, ਬੁਲਾਉਣ ਲਈ 'ਚਾਚਾ-ਤਾਇਆ' ਆਪੇ ਲੱਗ ਜਾਂਦਾ ਨਾਲ।

''ਕੀ ਚਲਦਾ ਫੇਰ ਨਾਹਣੂ, ਅੱਜ ਕੱਲ੍ਹ? ਕਿੱਥੇ ਹੁੰਨਾਂ'', ਮੈਂ ਪੁੱਛਿਆ।

''ਆਪਾਂ ਕਿਹੜਾ ਤੇਰੇ ਆਂਗੂੰ ਜੂਨੀਵਾਟੀ ਜਾਣਾ, ਚਾਚਾ। ਅਹੀਂ ਤਾਂ ਐਥੇ ਈ ਧੱਕੇ ਖਾਣੇ ਆ।''

''ਕਿਉਂ, ਯੂਨੀਵਰਸਿਟੀ ਕਿਹੜਾ ਮੈਂ ਬੈਅ ਕਰਾੱਲੀ। ਜਿਹੜਾ ਮਰਜ਼ੀ ਪੜ੍ਹ ਲਵੇ। ਬਸ ਇਰਾਦਾ ਹੋਣਾ ਚਾਹੀਦੈ।''

''ਓ ਨਾ ਚਾਚਾ, ਤੂੰ ਤਾਂ ਗੁੱਸਾ ਖਾ ਗਿਆ। ਮੈਂ ਤਾਂ ਐਂ ਕਹਿੰਦਾ ਸੀ, ਬਈ ਕਿਸਮਤ ਵਾਹਲੀ ਘੈਂਟ ਚੀਜ਼ ਹੁੰਦੀ ਆ। ਦੇਖਲਾ 5ਵਾਂ ਸਾਲ ਜਾਂਦਾ ਪਲੱਸ ਟੂ ਕਰੀ ਨੂੰ। ਪਹਿਲਾਂ ਭਰਤੀ ਦੇਖਣ ਗਿਆ ਸੀ ਲੁੱਦੇਹਾਣੇ, 3 ਨੰਬਰਾਂ 'ਤੇ ਰਹਿ ਗਿਆ। ਫੇਰ ਇੱਕ ਟੈਸਟ ਜਿਆ ਦਿੱਤਾ ਉਹ ਪੇਪਰ ਕੈਂਸਲ ਹੋ ਗਿਆ। ਆਹ ਫਿਰਦਾਂ ਗੱਡੀਆਂ 'ਤੇ ਰੇਗਮਾਰ ਫੇਰਦਾ। ਲੇਖਾਂ ਦੇ ਸੌਦੇ ਆ ਚਾਚਾ ਲੇਖਾਂ ਦੇ''। ਮੈਂ ਉਤਲੇ ਮਨੋਂ ਹੌਸਲਾ ਦਿੰਦਿਆਂ ਉਹਨੂੰ ਥਾਪੀ ਦਿੱਤੀ ਤੇ ਹਾਰ ਤੋਂ ਨਾ ਡਰਨ ਦੀ ਸਲਾਹ ਵੀ ਨਾਲ ਦੇ ਛੱਡੀ, ਪਰ ਪਤਾ ਮੈਨੂੰ ਸੀ ਕਿ ਮੇਰੇ ਕਿਸੇ ਬੋਲ ਦਾ ਉਹਦੇ ਉੱਤੇ ਭੋਰਾ ਅਸਰ ਨਹੀਂ ਹੋਣਾ। ਅਸਲੋਂ ਵਿਚਾਰੇ ਦਾ ਕਸੂਰ ਵੀ ਤਾਂ ਹੈਨੀ ਕੋਈ, ਹਾਲਾਤ ਦਾ ਝੰਬਿਆ ਬੰਦਾ ਡਾਢਾ ਕਿਸਮਤਵਾਦੀ ਹੋ ਜਾਂਦਾ। ਪਾਪੀ ਪੇਟ ਥਾਪੜਨ ਲਈ ਕੋਈ ਨਾ ਕੋਈ ਹੀਲਾ ਤਾਂ ਕਰਨਾ ਈ ਪੈਂਦਾ। ਨਾਹਣੂ ਨੇ ਤਾਹੀਓਂ ਪਿੰਡ ਆਲੇ ਬੈਂਕ ਤੋਂ ਪੰਜ-ਸਾਲੀ ਕਿਸ਼ਤ ਕਰਾ ਕੇ ਛੋਟਾ ਹਾਥੀ ਲੈ ਲਿਆ ਸੀ। ਹਾਜ਼ਿਰ-ਜੁਆਬੀ ਤੇ ਜੁਗਾੜੀਪਣਾ ਤਾਂ ਜਿਵੇਂ ਜਮਾਂਦਰੂ ਸੀ ਉਸ ਕੋਲ। ਊਂ ਹੱਥ ਵੀ ਬਥੇਰਾ ਸਾਫ਼ ਸੀ, ਬਸ ਥੋੜ੍ਹਾ ਕਾਹਲੀਖ਼ੋਰ ਆ ਪੱਟੂ। ਚਾਹ ਪੀਂਦੇ-ਪੀਂਦੇ ਇੱਕ ਗੱਲ ਮੇਰਾ ਮੱਥਾ ਖੜਕਾਉਣ ਲੱਗੀ।

''ਓ ਛੋਹਰਾ, ਤੇਰਾ ਕੰਮ ਤਾਂ ਵਾਹਲਾ ਵਧੀਆ ਬਈ। ਲੋਕਾਂ ਦਾ ਬੋਝਾ ਢੋਅ ਕੇ ਜਿੰਨਾਂ ਕਮਾਉਨੈ, ਓਨਾਂ ਤਾਂ ਅੱਧੇ ਘੰਟੇ ਵਿੱਚ ਡੁੱਕਰ ਲਿਆ ਕਰੇਂਗਾ, ਜੇ ਭੋਰਾ ਹਿੰਮਤ ਕਰੇਂ।''

''ਛੱਡ ਚਾਚਾ, ਇਹ ਕਿਤਾਬੀ ਗੱਲਾਂ। ਇਹ ਹਿੰਮਤ, ਹੌਸਲੇ ਅਰਗੀਆਂ ਚੀਜਾਂ ਰੱਜੇ ਢਿੱਡਾਂ ਨੂੰ ਆਉੜਦੀਆਂ ਨੇ। ਭੁੱਖੇ, ਕੋਲ ਰੋਟੀ ਦਾ ਈ ਫ਼ਿਕਰ ਹੁੰਦੈ ਤੇ ਰੋਟੀ ਦਾ ਈ ਜ਼ਿਕਰ।''

''ਮੈਂ ਇਉਂ ਕਹਿਨਾਂ, ਬਈ ਹੱਥ ਤੇਰਾ ਵਾਹਵਾ ਸਾਫ ਆ ਮੈਨੂੰ ਪਤਾ। ਬਸ 2-4 ਮਹੀਨੇ ਕਿਸੇ ਚੰਗੇ ਜਹੇ ਫਾਸਟ ਫੂਡ ਆਲੇ ਰੈਸਟੋਰੈਂਟ 'ਤੇ ਲਾ ਛੱਡ। ਸਾਧਨ ਤੇਰੇ ਕੋਲ ਹੈਗਾ ਈ ਆ ਆਪਦਾ, ਜਿੰਨੇ ਮਰਜ਼ੀ ਨੋਟ ਛਾਪੀਂ ਫੇਰ। ਫੂਡ ਇੰਡਸਟਰੀ ਦੀ ਤਾਂ ਬੱਲੇ-ਬੱਲੇ ਆ ਅੱਜ ਕੱਲ੍ਹ।''

ਆਸ ਤਾਂ ਕੋਈ ਹੈ ਨਹੀਂ ਸੀ ਪਰ, ਚਾਚੇ ਦੀ ਮੰਨ ਲਈ ਐਤਕੀਂ ਉਹਨੇ ਤੇ ਅਗਲਾ ਕਾਰੀਗਰ ਬਣਨ ਲੱਗ ਗਿਆ ਸੀ। ਜਿੱਥੋਂ ਤੱਕ ਮੈਨੂੰ ਯਾਦ ਆ, ਏਹ ਗੱਲ 2019 ਦੀ ਆ। ਤੁਸੀਂ ਸੋਚੋਗੇ ਅੱਜ ਮੈਂ ਇਹ ਕਿਉਂ ਦੱਸ ਰਿਹਾਂ। ਦਰਅਸਲ ਮੈਂ ਫੇਰ ਛੁੱਟੀ ਉੱਤੇ ਪਿੰਡ ਆਇਆ ਹਾਂ। ਸਵੇਰੇ 10 ਕੁ ਵਜੇ ਡੋਰ ਬੈੱਲ ਵੱਜੀ। ਦਰਵਾਜ਼ਾ ਖੋਲ੍ਹਿਆ ਤਾਂ ਬਾਹਰ ਨਾਹਣੂ ਸੀ ਤੇ ਨਾਲ ਸੀ ਇੱਕ ਸੱਜ ਵਿਆਹੀ ਮੁਟਿਆਰ।

''ਸਤਿ ਸ੍ਰੀ ਅਕਾਲ, ਚਾਚਾ। ਮੈਂ ਦੇਖ ਲਿਆ ਸੀ ਰਾਤ ਤੈਨੂੰ ਘਰ ਆਉਂਦੇ ਨੂੰ। ਮਖਿਆ ਐਂਤਕੀ ਮਿਲਾਂਗੇ ਵੀ ਤੇ ਮੂੰਹ ਵੀ ਮਿੱਠਾ ਕਰਾਵਾਂਗੇ।''

ਗੱਲਾਂ ਕਰਦੇ ਅਸੀਂ ਅੰਦਰ ਆ ਵੜੇ। ਚਾਹ-ਪਾਣੀ ਮਗਰੋਂ ਨਾਹਣੂ ਕਹਿੰਦਾ, ''ਚਾਚਾ ਤੇਰੀ ਗੱਲ ਪੁੱਗ ਗੀ। ਤੈਨੂੰ ਯਾਦ ਆ, ਕਰੋਨੇ ਤੋਂ ਥੋੜ੍ਹਾ ਚਿਰ ਪਹਿਲਾਂ ਕੇਰਾਂ ਐਥੇ ਏਸੇ ਵੇਹੜੇ ਵਿੱਚ ਆਪਣੀਆਂ ਗੱਲਾਂ ਹੋਈਆਂ ਸੀ। ਤੂੰ ਹਿੰਮਤ ਕਰਨ ਲਈ ਮੈਨੂੰ ਥਾਪੀ ਦਿੱਤੀ ਤੇ ਮੈਂ ਤੇਰੇ ਆਲੀ ਥਾਪੀ ਗਹਾਂ ਆਪਦੇ ਛੋਟੇ ਹਾਥੀ ਨੂੰ ਫਾਰਵਰਡ ਕਰਤੀ। ਭਾਵੇਂ ਕਰੋਨਾ ਵਾਹਲੀ ਦੁਨੀਆ ਖਾ ਗਿਆ, ਪਰ ਮੇਰਾ ਅੱਡਾ ਜਮਾ ਗਿਆ। ਤੇਰੀ ਉਹ ਥਾਪੀ ਐਸੀ ਰਾਸ ਆਈ ਚਾਚਾ ਕਿ ਮੇਰੇ ਆਲਾ ਛੋਟਾ ਹਾਥੀ ਆਪ ਵੀ ਰੱਜਦਾ ਤੇ ਪੂਰੇ ਟੱਬਰ ਨੂੰ ਵੀ ਰਜਾ ਛੱਡਦਾ।'' ਅੱਜ ਉਹ ਬਹੁਤ ਖੁਸ਼ ਦਿਖਦਾ ਸੀ। ਹੌਸਲੇ ਅਤੇ ਤਰੱਕੀ ਦੀ ਲਿਸ਼ਕ ਉਹਦੀਆਂ ਅੱਖਾਂ ਵਿੱਚ ਲੁੱਡੀਆਂ ਪਾ ਰਹੀ ਸੀ। ਉਹਦੀ ਕਾਮਯਾਬੀ ਮੈਨੂੰ ਵੀ ਸਰਸ਼ਾਰ ਕਰੀ ਜਾ ਰਹੀ ਸੀ।

ਫੇਰ, ਵਿਆਹੁੰਦੜ ਵੱਲ ਹੱਥ ਕਰਕੇ ਕਹਿੰਦਾ, ''ਵਿਆਹ ਹੋ ਗਿਆ ਚਾਚਾ, ਈ ਟੀ ਟੀ ਕਰੀ ਐ। ਆਪਣੇ ਲੋਹਟਬੱਦੀ ਲੱਗੀ ਹੋਈ ਆ..। ਪੱਕੀ ਮਾਸਟਰਨੀ। ਇਹ ਤੜਕੇ ਸਕੂਟੀ ਹੱਕ ਦਿੰਦੀ ਆ ਤੇ ਮੈਂ ਹਾਥੀ। ਆਥਣ ਨੂੰ ਦਿਹਾੜੀ ਪਾ ਕੇ ਆ ਵੜੀਦਾ ਘਰੇ।... ਤੂੰ ਸੱਚ ਕਹਿੰਦਾ ਸੀ ਚਾਚਾ, ਹਿੰਮਤ ਡਰਦਿਆਂ ਦੀ ਨਹੀਂ, ਕਰਦਿਆਂ ਦੀ ਮਸ਼ੂਕ ਹੁੰਦੀ ਆ। ਮੈਂ ਐਵੇਂ ਝੂਰਦਾ ਰਿਹਾ ਇਹ ਤਾਂ ਵਾਹਲੀ ਨਿੱਗਰ ਚੀਜ਼ ਨਿਕਲੀ '', ਉਹਨੇ ਪੂਰੇ ਜੋਸ਼ ਨਾਲ ਆਖਿਆ।

ਨਾਹਣੂ ਨੇ 'ਹਿੰਮਤ' ਵਿਆਹ ਲਈ ਆ, ਅੱਜ ਲਾਗਲੇ ਸ਼ਹਿਰ ਵਿੱਚ ਟੂਰਿੰਗ 'ਫਾਸਟ ਫੂਡ ਹੱਬ' ਚਲਾਉਂਦਾ। ਤੇ ਮੈਂ.. ਸੱਚੀਂ ਬਹੁਤ ਖੁਸ਼ ਹਾਂ, ਸ਼ਾਇਦ ਏਸੇ ਲਈ ਉਹਦੀ ਵਿਥਿਆ ਅੱਖਰਾਂ ਵਿੱਚ ਵਲ੍ਹੇਟ ਕੇ ਥੋਡੇ ਹਵਾਲੇ ਕਰੀ ਜਾਨਾ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com



# ਦੁਨੀਆਦਾਰੀ



# ਆਸਟਰੇਲੀਆ ਦੀ ਸੰਸਦ ਵਿੱਚ ਵਾਤਾਵਰਨ ਕਾਰਕੁਨਾਂ ਦਾ ਜ਼ੋਰਦਾਰ ਪ੍ਰਦਰਸ਼ਨ, ਗੈਲਰੀ ਤੋਂ ਸਦਨ ਵਿੱਚ ਮਾਰੀ ਛਾਲ

## ਕੋਲਾ ਖਾਣਾਂ ਦੇ ਵਿਸਥਾਰ ਵਿਰੁੱਧ ਨਾਅਰੇਬਾਜ਼ੀ, ਜਲਵਾਯੂ ਰਿਪੋਰਟਾਂ ਦੇ ਪੰਨੇ ਸੁੱਟੇ; ਸੁਰੱਖਿਆ ਵਿੱਚ ਸੰਨ੍ਹ ਲੱਗਣ ਮਗਰੋਂ ਸੰਸਦੀ ਪ੍ਰਬੰਧਾਂ ਦੀ ਸਮੀਖਿਆ ਦਾ ਐਲਾਨ




ਆਸਟਰੇਲੀਆ ਦੇ ਨਿਊ ਸਾਊਥ ਵੇਲਜ਼ ਦੀ ਸੰਸਦ ਵਿੱਚ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਵਾਤਾਵਰਨ ਜਥੇਬੰਦੀ 'ਰਾਈਜ਼ਿੰਗ ਟਾਈਡ' ਦੇ ਕਾਰਕੁਨ ਐਂਡਰਿਊ ਸਨੇਡਨ ਨੇ ਦਰਸ਼ਕ ਗੈਲਰੀ ਤੋਂ ਸਦਨ ਵਿੱਚ ਛਾਲ ਮਾਰ ਦਿੱਤੀ। ਇਸ ਘਟਨਾ ਦੌਰਾਨ ਅੱਠ ਵਾਤਾਵਰਨ ਕਾਰਕੁਨਾਂ ਨੇ ਕੋਲਾ ਖਾਣਾਂ ਦੇ ਵਿਸਥਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਜਲਵਾਯੂ ਸਬੰਧੀ ਰਿਪੋਰਟਾਂ ਦੇ ਪੰਨੇ ਸਦਨ ਵਿੱਚ ਸੁੱਟੇ। ਇਸ ਅਚਾਨਕ ਵਿਰੋਧ ਕਾਰਨ ਸੰਸਦ ਦੀ ਕਾਰਵਾਈ ਦੌਰਾਨ ਹੰਗਾਮੇ ਵਾਲੀ ਸਥਿਤੀ ਪੈਦਾ ਹੋ ਗਈ।

ਕਾਰਕੁਨਾਂ ਦਾ ਇਹ ਪ੍ਰਦਰਸ਼ਨ ਕੋਲਾ ਖਣਨ ਦੇ ਵਿਸਥਾਰ ਅਤੇ ਇਸ ਨਾਲ ਜੁੜੇ ਵਾਤਾਵਰਨ ਪ੍ਰਭਾਵਾਂ ਦੇ ਵਿਰੋਧ ਵਿੱਚ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਸੂਬਾ ਸਰਕਾਰ ਉੱਤੇ ਜਲਵਾਯੂ ਸੰਕਟ ਨੂੰ ਗੰਭੀਰਤਾ ਨਾਲ ਨਾ ਲੈਣ ਦੇ ਦੋਸ਼ ਲਾਉਂਦਿਆਂ ਆਪਣਾ ਵਿਰੋਧ ਦਰਜ ਕਰਵਾਇਆ। ਸਦਨ ਦੇ ਅੰਦਰ ਵਾਪਰੀ ਇਸ ਘਟਨਾ ਨੇ ਸੰਸਦੀ ਸੁਰੱਖਿਆ ਪ੍ਰਬੰਧਾਂ ਬਾਰੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

ਇਹ ਪ੍ਰਦਰਸ਼ਨ ਆਸਟਰੇਲੀਆ ਦੀ ਹਾਈ ਕੋਰਟ ਵੱਲੋਂ 7 ਅਕਤੂਬਰ ਨੂੰ ਸੁਣਾਏ ਗਏ ਇੱਕ ਅਹਿਮ ਫ਼ੈਸਲੇ ਤੋਂ ਬਾਅਦ ਹੋਇਆ। ਅਦਾਲਤ ਨੇ ਮਾਊਂਟ ਪਲੈਜ਼ੈਂਟ ਕੋਲਾ ਖਾਣ ਦੇ ਵਿਸਥਾਰ ਨਾਲ ਸਬੰਧਤ ਮਾਮਲੇ ਵਿੱਚ ਕੰਪਨੀ ਦੀ ਅਪੀਲ ਰੱਦ ਕਰ ਦਿੱਤੀ ਸੀ। ਇਸ ਫ਼ੈਸਲੇ ਵਿੱਚ ਕੋਲਾ ਖਾਣ ਦੇ ਪ੍ਰਾਜੈਕਟ ਦੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵਾਂ ਅਤੇ ਗਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਲੈ ਕੇ ਵਿਚਾਰ ਕੀਤਾ ਗਿਆ ਸੀ।

### ਕੋਲਾ ਖਾਣ ਦੇ ਵਿਸਥਾਰ ਨਾਲ ਜੁੜੇ ਨਿਕਾਸ ਦਾ ਮੁੱਦਾ ਬਣਿਆ ਵਿਵਾਦ ਦਾ ਕੇਂਦਰ

ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਸੀ ਕਿ ਯੋਜਨਾ ਕਮਿਸ਼ਨ ਨੇ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਸਮੇਂ ਗਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਲਈ ਸੰਭਾਵੀ ਸ਼ਰਤਾਂ 'ਤੇ ਲਾਜ਼ਮੀ ਵਿਚਾਰ ਨਹੀਂ ਕੀਤਾ ਸੀ। ਇਸ ਵਿੱਚ ਖ਼ਾਸ ਤੌਰ 'ਤੇ ਵਿਦੇਸ਼ਾਂ ਵਿੱਚ ਕੋਲੇ ਦੀ ਵਰਤੋਂ ਕਾਰਨ ਪੈਦਾ ਹੋਣ ਵਾਲੇ ਨਿਕਾਸ ਦਾ ਮਾਮਲਾ ਸ਼ਾਮਲ ਸੀ।

ਅਦਾਲਤ ਦੇ ਫ਼ੈਸਲੇ ਅਨੁਸਾਰ, ਵਿਦੇਸ਼ਾਂ ਵਿੱਚ ਕੋਲੇ ਦੀ ਵਰਤੋਂ ਨਾਲ ਹੋਣ ਵਾਲਾ ਨਿਕਾਸ ਇਸ ਪ੍ਰਾਜੈਕਟ ਦੇ ਅਨੁਮਾਨਿਤ ਕੁੱਲ ਨਿਕਾਸ ਦਾ ਤਕਰੀਬਨ 98 ਫ਼ੀਸਦੀ ਬਣਦਾ ਹੈ। ਇਸ ਕਾਰਨ ਕੋਲਾ ਖਾਣ ਦੇ ਵਿਸਥਾਰ ਨਾਲ ਜੁੜੇ ਵਾਤਾਵਰਨ ਪ੍ਰਭਾਵ ਅਤੇ ਜਲਵਾਯੂ ਤਬਦੀਲੀ ਦਾ ਮੁੱਦਾ ਹੋਰ ਅਹਿਮ ਬਣ ਗਿਆ ਹੈ।

ਕਾਰਕੁਨਾਂ ਨੇ ਸੰਸਦ ਵਿੱਚ ਪ੍ਰਦਰਸ਼ਨ ਦੌਰਾਨ ਨਿਊ ਸਾਊਥ ਵੇਲਜ਼ ਦੇ ਪ੍ਰੀਮੀਅਰ ਕ੍ਰਿਸ ਮਿਨਸ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਰਕਾਰ ਜਲਵਾਯੂ ਸੰਕਟ ਦੀ ਗੰਭੀਰਤਾ ਨੂੰ ਸਮਝਣ ਅਤੇ ਇਸ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕਣ ਵਿੱਚ ਅਸਫ਼ਲ ਰਹੀ ਹੈ। ਕਾਰਕੁਨਾਂ ਵੱਲੋਂ ਜਲਵਾਯੂ ਰਿਪੋਰਟਾਂ ਦੇ ਪੰਨੇ ਸੁੱਟਣ ਨੂੰ ਵੀ ਕੋਲਾ ਖਣਨ ਦੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵਾਂ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ।

### ਅਟਾਰਨੀ ਜਨਰਲ ਵੱਲੋਂ ਘਟਨਾ ਦੀ ਨਿੰਦਾ

ਸੰਸਦ ਦੇ ਅੰਦਰ ਵਾਪਰੀ ਇਸ ਘਟਨਾ ਦੀ ਅਟਾਰਨੀ ਜਨਰਲ ਮਾਈਕਲ ਡੇਲੀ ਨੇ ਸਖ਼ਤ ਨਿੰਦਾ ਕੀਤੀ। ਉਨ੍ਹਾਂ ਨੇ ਸਦਨ ਵਿੱਚ ਦਾਖ਼ਲ ਹੋਣ ਵਾਲੇ ਪ੍ਰਦਰਸ਼ਨਕਾਰੀ ਨੂੰ 'ਸਿਰਫਿਰਿਆ' ਕਰਾਰ ਦਿੱਤਾ। ਉਨ੍ਹਾਂ ਦੀ ਪ੍ਰਤੀਕਿਰਿਆ ਨੇ ਸਪੱਸ਼ਟ ਕੀਤਾ ਕਿ ਸੰਸਦ ਦੀ ਸੁਰੱਖਿਆ ਪ੍ਰਣਾਲੀ ਦੀ ਉਲੰਘਣਾ ਨੂੰ ਗੰਭੀਰ ਮਾਮਲੇ ਵਜੋਂ ਲਿਆ ਜਾ ਰਿਹਾ ਹੈ।

ਦਰਸ਼ਕ ਗੈਲਰੀ ਤੋਂ ਸਦਨ ਵਿੱਚ ਛਾਲ ਮਾਰ ਕੇ ਦਾਖ਼ਲ ਹੋਣ ਦੀ ਘਟਨਾ ਤੋਂ ਬਾਅਦ ਸੰਸਦੀ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਦੀ ਲੋੜ ਮਹਿਸੂਸ ਕੀਤੀ ਗਈ ਹੈ। ਇਸ ਮਾਮਲੇ ਨੂੰ ਧਿਆਨ ਵਿੱਚ ਰੱਖਦਿਆਂ ਸਪੀਕਰ ਨੇ ਸੁਰੱਖਿਆ ਪ੍ਰਬੰਧਾਂ ਦੀ ਮੁਕੰਮਲ ਸਮੀਖਿਆ ਕਰਵਾਉਣ ਦਾ ਐਲਾਨ ਕੀਤਾ ਹੈ।

ਸਮੀਖਿਆ ਦਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ ਪ੍ਰਦਰਸ਼ਨਕਾਰੀ ਦਰਸ਼ਕ ਗੈਲਰੀ ਤੋਂ ਸਦਨ ਤੱਕ ਕਿਵੇਂ ਪਹੁੰਚਿਆ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕਿਹੜੇ ਕਦਮ ਚੁੱਕਣ ਦੀ ਲੋੜ ਹੈ। ਇਸ ਦੇ ਨਾਲ ਹੀ ਸੰਸਦ ਦੇ ਅੰਦਰ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਅਤੇ ਕਾਰਵਾਈ ਦੌਰਾਨ ਅਜਿਹੇ ਵਿਘਨ ਤੋਂ ਬਚਾਅ ਲਈ ਪ੍ਰਬੰਧਾਂ ਦੀ ਜਾਂਚ ਕੀਤੀ ਜਾਵੇਗੀ।

ਇਸ ਘਟਨਾ ਨੇ ਇੱਕ ਪਾਸੇ ਕੋਲਾ ਖਣਨ ਦੇ ਵਿਸਥਾਰ ਅਤੇ ਜਲਵਾਯੂ ਸੰਕਟ ਬਾਰੇ ਚੱਲ ਰਹੀ ਬਹਿਸ ਨੂੰ ਮੁੜ ਉਭਾਰਿਆ ਹੈ, ਜਦਕਿ ਦੂਜੇ ਪਾਸੇ ਸੰਸਦ ਦੀ ਸੁਰੱਖਿਆ ਅਤੇ ਜਨਤਕ ਵਿਰੋਧ ਪ੍ਰਦਰਸ਼ਨਾਂ ਦੇ ਢੰਗ ਬਾਰੇ ਵੀ ਚਰਚਾ ਛੇੜ ਦਿੱਤੀ ਹੈ।

# ਮੋਦੀ ਤੇ ਮਾਰਕ ਕਾਰਨੀ ਵਿਚਾਲੇ ਫ਼ੋਨ 'ਤੇ ਗੱਲਬਾਤ, ਭਾਰਤ-ਕੈਨੇਡਾ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ

## ਦੋਵਾਂ ਪ੍ਰਧਾਨ ਮੰਤਰੀਆਂ ਨੇ ਦੁਵੱਲੇ ਰਿਸ਼ਤਿਆਂ ਵਿੱਚ ਆਏ ਹਾਂ-ਪੱਖੀ ਬਦਲਾਅ ਨੂੰ ਅੱਗੇ ਵਧਾਉਣ ਲਈ ਸਹਿਮਤੀ ਜਤਾਈ; ਵਪਾਰ, ਊਰਜਾ ਅਤੇ ਰਣਨੀਤਕ ਭਾਈਵਾਲੀ ਦੇ ਅਹਿਮ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀ ਤਿਆਰੀ



ਨਵੀਂ ਦਿੱਲੀ: ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਫ਼ੋਨ 'ਤੇ ਗੱਲਬਾਤ ਕੀਤੀ। ਮੋਦੀ ਨੇ ਇਸ ਗੱਲਬਾਤ ਨੂੰ ਨਿੱਘੀ ਅਤੇ ਸਾਰਥਕ ਕਰਾਰ ਦਿੰਦਿਆਂ ਕਿਹਾ ਕਿ ਦੋਵੇਂ ਆਗੂ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਆਏ ਹਾਂ-ਪੱਖੀ ਬਦਲਾਅ ਦੀ ਰਫ਼ਤਾਰ ਨੂੰ ਹੋਰ ਅੱਗੇ ਵਧਾਉਣ ਲਈ ਸਹਿਮਤ ਹੋਏ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਮੁਲਕ ਆਪਣੀ ਰਣਨੀਤਕ ਭਾਈਵਾਲੀ ਦੇ ਅਹਿਮ ਖੇਤਰਾਂ ਵਿੱਚ ਠੋਸ ਨਤੀਜੇ ਹਾਸਲ ਕਰਨ ਲਈ ਮਿਲ ਕੇ ਕੰਮ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਅਤੇ ਕੈਨੇਡਾ ਮਿਲ ਕੇ ਵਧੇਰੇ ਸਥਿਰ ਅਤੇ ਖੁਸ਼ਹਾਲ ਦੁਨੀਆ ਦੀ ਸਿਰਜਣਾ ਵਿੱਚ ਯੋਗਦਾਨ ਪਾ ਰਹੇ ਹਨ।

ਦੋਵਾਂ ਆਗੂਆਂ ਵਿਚਾਲੇ ਹੋਈ ਗੱਲਬਾਤ ਨੂੰ ਭਾਰਤ-ਕੈਨੇਡਾ ਸਬੰਧਾਂ ਨੂੰ ਮੁੜ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਦੇ ਸੰਦਰਭ ਵਿੱਚ ਅਹਿਮ ਮੰਨਿਆ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਆਏ ਤਣਾਅ ਕਾਰਨ ਕੂਟਨੀਤਕ ਸੰਪਰਕਾਂ ਅਤੇ ਵਪਾਰਕ ਸਹਿਯੋਗ 'ਤੇ ਅਸਰ ਪਿਆ ਸੀ। ਹੁਣ ਦੋਵੇਂ ਸਰਕਾਰਾਂ ਆਪਸੀ ਸਹਿਯੋਗ ਨੂੰ ਅੱਗੇ ਵਧਾਉਣ ਲਈ ਯਤਨਸ਼ੀਲ ਹਨ।

### ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਵਿਗੜੇ ਸਨ ਰਿਸ਼ਤੇ

ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਜੂਨ 2023 ਵਿੱਚ ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਹੋਈ ਹੱਤਿਆ ਤੋਂ ਬਾਅਦ ਵੱਡਾ ਤਣਾਅ ਪੈਦਾ ਹੋ ਗਿਆ ਸੀ। ਨਿੱਝਰ ਦੀ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਸਤੰਬਰ 2023 ਵਿੱਚ ਉਸ ਸਮੇਂ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੀ ਸੰਸਦ ਵਿੱਚ ਦੋਸ਼ ਲਾਇਆ ਸੀ ਕਿ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਬਾਰੇ ਭਰੋਸੇਯੋਗ ਜਾਣਕਾਰੀ ਮੌਜੂਦ ਹੈ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਸਖ਼ਤੀ ਨਾਲ ਰੱਦ ਕਰ ਦਿੱਤਾ ਸੀ।

ਇਸ ਵਿਵਾਦ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਕੂਟਨੀਤਕ ਸਬੰਧਾਂ ਵਿੱਚ ਖਿੱਚੋਤਾਣ ਵਧ ਗਈ ਸੀ। ਦੋਵਾਂ ਮੁਲਕਾਂ ਨੇ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਦੇਸ਼ ਛੱਡਣ ਲਈ ਕਿਹਾ ਅਤੇ ਵੀਜ਼ਾ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ।

ਅਕਤੂਬਰ 2024 ਵਿੱਚ ਤਣਾਅ ਹੋਰ ਵਧ ਗਿਆ, ਜਦੋਂ ਕੈਨੇਡਾ ਨੇ ਭਾਰਤੀ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਕੱਢਣ ਦਾ ਫ਼ੈਸਲਾ ਕੀਤਾ। ਭਾਰਤ ਨੇ ਇਸ ਦੇ ਜਵਾਬ ਵਿੱਚ ਕਾਰਵਾਈ ਕਰਦਿਆਂ ਆਪਣੇ ਡਿਪਲੋਮੈਟਾਂ ਨੂੰ ਵਾਪਸ ਸੱਦ ਲਿਆ ਅਤੇ ਕੈਨੇਡਾ ਦੇ ਫ਼ੈਸਲੇ 'ਤੇ ਇਤਰਾਜ਼ ਪ੍ਰਗਟਾਇਆ।

### ਵਪਾਰ ਅਤੇ ਊਰਜਾ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀ ਕੋਸ਼ਿਸ਼

ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਪੈਦਾ ਹੋਏ ਤਣਾਅ ਦਾ ਅਸਰ ਵਪਾਰਕ ਗੱਲਬਾਤ ਅਤੇ ਹੋਰ ਦੁਵੱਲੇ ਸਹਿਯੋਗ 'ਤੇ ਵੀ ਪਿਆ ਸੀ। ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰ, ਊਰਜਾ ਅਤੇ ਰਣਨੀਤਕ ਭਾਈਵਾਲੀ ਨਾਲ ਜੁੜੇ ਕਈ ਅਹਿਮ ਖੇਤਰਾਂ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਮੌਜੂਦ ਹਨ।

ਤਾਜ਼ਾ ਫ਼ੋਨ ਗੱਲਬਾਤ ਦੌਰਾਨ ਦੋਵਾਂ ਆਗੂਆਂ ਵੱਲੋਂ ਸਬੰਧਾਂ ਵਿੱਚ ਆਏ ਹਾਂ-ਪੱਖੀ ਬਦਲਾਅ ਨੂੰ ਅੱਗੇ ਵਧਾਉਣ 'ਤੇ ਸਹਿਮਤੀ ਜਤਾਉਣਾ ਇਸ ਗੱਲ ਦਾ ਸੰਕੇਤ ਹੈ ਕਿ ਦੋਵੇਂ ਸਰਕਾਰਾਂ ਆਪਸੀ ਸੰਪਰਕ ਅਤੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵੱਲ ਧਿਆਨ ਦੇ ਰਹੀਆਂ ਹਨ।

ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਨੂੰ ਨਵੀਂ ਦਿਸ਼ਾ ਦੇਣ ਲਈ ਵਪਾਰਕ ਅਤੇ ਰਣਨੀਤਕ ਖੇਤਰਾਂ ਵਿੱਚ ਠੋਸ ਤਰੱਕੀ ਮਹੱਤਵਪੂਰਨ ਰਹੇਗੀ। ਮੋਦੀ ਅਤੇ ਕਾਰਨੀ ਵਿਚਾਲੇ ਹੋਈ ਗੱਲਬਾਤ ਨੂੰ ਇਸੇ ਦਿਸ਼ਾ ਵਿੱਚ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ।

# ਪੰਜਾਬ ਚੋਣਾਂ ਦੀ ਚਰਚਾ ਵਿਚਾਲੇ ਕੈਨੇਡਾ ਤੋਂ ਭਾਰਤ ਆਉਣ ਵਾਲੀਆਂ ਉਡਾਣਾਂ ਦੇ ਕਿਰਾਏ ਅਸਮਾਨੀ ਚੜ੍ਹੇ

## ਜਨਵਰੀ ਵਿੱਚ ਪੰਜਾਬ ਆਉਣ ਲਈ ਪਰਵਾਸੀ ਭਾਰਤੀਆਂ ਵੱਲੋਂ ਅਗਾਊਂ ਟਿਕਟਾਂ ਦੀ ਬੁਕਿੰਗ; ਕੈਨੇਡਾ ਤੋਂ ਦਿੱਲੀ ਦੀ ਟਿਕਟ 3,000 ਡਾਲਰ ਤੱਕ ਪਹੁੰਚੀ, ਏਜੰਟਾਂ ਦੀ ਭੂਮਿਕਾ 'ਤੇ ਵੀ ਉੱਠੇ ਸਵਾਲ

ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਅਤੇ ਹੋਰ ਪਰਵਾਸੀ ਭਾਰਤੀਆਂ ਵੱਲੋਂ ਭਾਰਤ ਆਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਕੈਨੇਡਾ ਤੋਂ ਭਾਰਤ ਜਾਣ ਵਾਲੀਆਂ ਉਡਾਣਾਂ ਦੇ ਹਵਾਈ ਕਿਰਾਇਆਂ ਵਿੱਚ ਵੱਡਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕਈ ਯਾਤਰੀ ਜਨਵਰੀ ਵਿੱਚ ਪੰਜਾਬ ਆਉਣ ਅਤੇ ਚੋਣਾਂ ਦੇ ਮਾਹੌਲ ਨੂੰ ਨੇੜਿਓਂ ਦੇਖਣ ਲਈ ਪਹਿਲਾਂ ਹੀ ਟਿਕਟਾਂ ਬੁੱਕ ਕਰਵਾ ਰਹੇ ਹਨ।

ਹਵਾਈ ਟਿਕਟਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਰੁਝਾਨ ਖ਼ਾਸ ਤੌਰ 'ਤੇ 15 ਦਸੰਬਰ ਤੋਂ ਲੈ ਕੇ ਫਰਵਰੀ ਦੇ ਪਹਿਲੇ ਹਫ਼ਤੇ ਤੱਕ ਦੀਆਂ ਤਾਰੀਖ਼ਾਂ ਲਈ ਸਾਹਮਣੇ ਆ ਰਿਹਾ ਹੈ। ਕੁਝ ਟਿਕਟ ਏਜੰਟਾਂ ਦਾ ਕਹਿਣਾ ਹੈ ਕਿ ਇਸ ਵਾਧੇ ਪਿੱਛੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਕਾਰਨ ਵਧੀ ਮੰਗ ਵੀ ਇੱਕ ਕਾਰਨ ਹੈ। ਹਾਲਾਂਕਿ, ਕਿਰਾਇਆਂ ਵਿੱਚ ਵਾਧੇ ਦੇ ਹੋਰ ਕਾਰਨ ਵੀ ਦੱਸੇ ਜਾ ਰਹੇ ਹਨ।

ਕੁਝ ਹਵਾਈ ਕੰਪਨੀਆਂ ਨੇ ਜੈੱਟ ਈਂਧਨ ਦੀਆਂ ਕੀਮਤਾਂ ਵਧਣ ਕਾਰਨ ਵਾਧੂ ਈਂਧਨ ਸਰਚਾਰਜ ਲਗਾਇਆ ਹੈ, ਜਿਸ ਨਾਲ ਟਿਕਟਾਂ ਮਹਿੰਗੀਆਂ ਹੋਈਆਂ ਹਨ। ਪਰ ਤਾਰੀਖ਼ਾਂ ਦੇ ਹਿਸਾਬ ਨਾਲ ਕਿਰਾਇਆਂ ਦੀ ਤੁਲਨਾ ਕਰਨ 'ਤੇ ਪਤਾ ਲੱਗਦਾ ਹੈ ਕਿ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਸਿਰਫ਼ ਈਂਧਨ ਦੀਆਂ ਕੀਮਤਾਂ ਨਾਲ ਹੀ ਨਹੀਂ ਜੁੜਿਆ ਹੋਇਆ। ਦਸੰਬਰ ਦੇ ਅੱਧ ਤੋਂ ਜਨਵਰੀ ਦੇ ਆਖ਼ਰੀ ਹਫ਼ਤੇ ਤੱਕ ਦੀਆਂ ਟਿਕਟਾਂ ਦੇ ਕਿਰਾਏ ਵਿੱਚ ਖ਼ਾਸ ਵਾਧਾ ਦੱਸਿਆ ਜਾ ਰਿਹਾ ਹੈ।

### ਦਸੰਬਰ ਤੋਂ ਜਨਵਰੀ ਤੱਕ ਟਿਕਟਾਂ ਦੇ ਕਿਰਾਏ ਵਿੱਚ ਵੱਡਾ ਫ਼ਰਕ

ਮਿਲੀ ਜਾਣਕਾਰੀ ਅਨੁਸਾਰ, ਦਸੰਬਰ ਦੇ ਪਹਿਲੇ ਹਫ਼ਤੇ ਤੱਕ ਕੈਨੇਡਾ ਤੋਂ ਦਿੱਲੀ ਜਾਣ ਲਈ ਇੱਕ ਯਾਤਰੀ ਦੀ ਟਿਕਟ ਲਗਭਗ 1,700 ਤੋਂ 1,800 ਕੈਨੇਡੀਅਨ ਡਾਲਰ ਵਿੱਚ ਮਿਲ ਰਹੀ ਸੀ। ਪਰ 15 ਦਸੰਬਰ ਤੋਂ ਬਾਅਦ ਦੀਆਂ ਤਾਰੀਖ਼ਾਂ ਲਈ ਕਿਰਾਏ ਵਧ ਕੇ ਜਨਵਰੀ ਦੇ ਆਖ਼ਰੀ ਹਫ਼ਤੇ ਤੱਕ ਲਗਭਗ 3,000 ਡਾਲਰ ਤੱਕ ਪਹੁੰਚ ਰਹੇ ਹਨ। ਫਰਵਰੀ ਦੇ ਪਹਿਲੇ ਹਫ਼ਤੇ ਤੋਂ ਬਾਅਦ ਕਿਰਾਇਆਂ ਵਿੱਚ ਮੁੜ ਕਮੀ ਆਉਣ ਦਾ ਰੁਝਾਨ ਦੱਸਿਆ ਗਿਆ ਹੈ।

ਟਿਕਟਾਂ ਦੀਆਂ ਕੀਮਤਾਂ ਵਿੱਚ ਇਸ ਵਾਧੇ ਲਈ ਹਵਾਈ ਕੰਪਨੀਆਂ ਦੇ ਨਾਲ-ਨਾਲ ਟਿਕਟ ਏਜੰਟਾਂ ਦੀ ਭੂਮਿਕਾ ਬਾਰੇ ਵੀ ਸਵਾਲ ਉਠਾਏ ਜਾ ਰਹੇ ਹਨ। ਜਾਣਕਾਰੀ ਅਨੁਸਾਰ, ਕੁਝ ਏਜੰਟਾਂ ਨੇ ਵਧੇਰੇ ਮੰਗ ਵਾਲੀਆਂ ਤਾਰੀਖ਼ਾਂ ਲਈ ਪਹਿਲਾਂ ਹੀ ਘੱਟ ਕੀਮਤ 'ਤੇ ਵੱਡੀ ਗਿਣਤੀ ਵਿੱਚ ਟਿਕਟਾਂ ਖ਼ਰੀਦ ਲਈਆਂ ਸਨ। ਹੁਣ ਦੱਸਿਆ ਜਾ ਰਿਹਾ ਹੈ ਕਿ ਉਹ ਥੋੜ੍ਹੀ ਜਿਹੀ ਫ਼ੀਸ ਦੇ ਕੇ ਯਾਤਰੀਆਂ ਦੇ ਵੇਰਵੇ ਬਦਲਵਾਉਂਦੇ ਹਨ ਅਤੇ ਟਿਕਟਾਂ ਨੂੰ ਮੌਜੂਦਾ ਉੱਚੇ ਕਿਰਾਇਆਂ 'ਤੇ ਵੇਚਦੇ ਹਨ। ਇਸ ਤਰ੍ਹਾਂ ਦੀ ਪ੍ਰਕਿਰਿਆ ਬਾਰੇ ਕੀਤੇ ਜਾ ਰਹੇ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਹੋਣਾ ਜ਼ਰੂਰੀ ਹੈ।

### ਏਸ਼ੀਆਈ ਰਸਤੇ ਮੁੜ ਸ਼ੁਰੂ ਹੋਣ ਦੇ ਬਾਵਜੂਦ ਕਿਰਾਏ ਨਹੀਂ ਘਟੇ

ਕੋਵਿਡ ਮਹਾਮਾਰੀ ਦੌਰਾਨ ਰੱਦ ਹੋਈਆਂ ਕੁਝ ਉਡਾਣਾਂ ਅਤੇ ਏਸ਼ੀਆਈ ਹਵਾਈ ਰਸਤਿਆਂ 'ਤੇ ਮੁੜ ਸੇਵਾਵਾਂ ਸ਼ੁਰੂ ਹੋਣ ਨਾਲ ਪਹਿਲਾਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਕੈਨੇਡਾ ਤੋਂ ਭਾਰਤ ਜਾਣ ਵਾਲੀਆਂ ਟਿਕਟਾਂ ਦੇ ਕਿਰਾਇਆਂ ਵਿੱਚ ਕਮੀ ਆਵੇਗੀ। ਚੀਨ, ਦੱਖਣੀ ਕੋਰੀਆ, ਤਾਇਵਾਨ ਅਤੇ ਹਾਂਗਕਾਂਗ ਰਾਹੀਂ ਯਾਤਰਾ ਦੇ ਵਿਕਲਪ ਵਧਣ ਨਾਲ ਹਵਾਈ ਕੰਪਨੀਆਂ ਵਿਚਾਲੇ ਮੁਕਾਬਲਾ ਵਧਣ ਦੀ ਸੰਭਾਵਨਾ ਵੀ ਜਤਾਈ ਗਈ ਸੀ।

ਪਰ ਮੌਜੂਦਾ ਜਾਣਕਾਰੀ ਮੁਤਾਬਕ, ਪੰਜਾਬ ਚੋਣਾਂ ਤੋਂ ਪਹਿਲਾਂ ਦੇ ਸਮੇਂ ਵਿੱਚ ਕਿਰਾਏ ਘਟਣ ਦੀ ਬਜਾਏ ਵਧੇ ਹੋਏ ਹਨ। ਖ਼ਾਸ ਕਰਕੇ ਵੈਨਕੂਵਰ ਜਾਂ ਕੈਲਗਰੀ ਤੋਂ ਦਿੱਲੀ ਜਾਣ ਵਾਲੇ ਯਾਤਰੀਆਂ ਨੂੰ ਵਧੇਰੇ ਖ਼ਰਚ ਕਰਨਾ ਪੈ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਵੈਨਕੂਵਰ ਤੋਂ ਬੀਜਿੰਗ ਜਾਂ ਸਿਉਲ ਰਾਹੀਂ ਦਿੱਲੀ ਜਾਣ ਵਾਲੀ ਆਉਣ-ਜਾਣ ਦੀ ਟਿਕਟ, ਜਿਸ ਦਾ ਕਿਰਾਇਆ ਪਹਿਲਾਂ ਲਗਭਗ 900 ਡਾਲਰ ਦੇ ਨੇੜੇ ਹੁੰਦਾ ਸੀ, ਹੁਣ ਦੁੱਗਣੇ ਤੋਂ ਵੀ ਵੱਧ ਹੋ ਗਿਆ ਹੈ। ਦਸੰਬਰ ਵਿੱਚ ਕੁਝ ਤਾਰੀਖ਼ਾਂ ਲਈ ਇਹ ਕਿਰਾਇਆ ਪਹਿਲਾਂ ਦੇ ਮੁਕਾਬਲੇ ਢਾਈ ਗੁਣਾ ਤੱਕ ਦੱਸਿਆ ਜਾ ਰਿਹਾ ਹੈ।

ਕੈਨੇਡਾ ਤੋਂ ਪੰਜਾਬ ਆਉਣ ਦੀ ਯੋਜਨਾ ਬਣਾ ਰਹੇ ਯਾਤਰੀਆਂ ਲਈ ਇਸ ਵਾਧੇ ਨੇ ਯਾਤਰਾ ਦਾ ਬਜਟ ਵਧਾ ਦਿੱਤਾ ਹੈ। ਜਨਵਰੀ ਵਿੱਚ ਆਉਣ ਵਾਲਿਆਂ ਦੀ ਮੰਗ, ਈਂਧਨ ਸਰਚਾਰਜ, ਉਡਾਣਾਂ ਵਿੱਚ ਉਪਲਬਧ ਸੀਟਾਂ ਅਤੇ ਟਿਕਟਾਂ ਦੀ ਮੁੜ ਵਿਕਰੀ ਵਰਗੇ ਕਾਰਕਾਂ ਕਾਰਨ ਕਿਰਾਇਆਂ ਵਿੱਚ ਫ਼ਰਕ ਪੈ ਰਿਹਾ ਹੈ। ਇਸ ਲਈ ਯਾਤਰੀਆਂ ਨੂੰ ਟਿਕਟ ਬੁੱਕ ਕਰਵਾਉਣ ਤੋਂ ਪਹਿਲਾਂ ਵੱਖ-ਵੱਖ ਹਵਾਈ ਕੰਪਨੀਆਂ ਅਤੇ ਰਸਤਿਆਂ ਦੇ ਕਿਰਾਇਆਂ ਦੀ ਤੁਲਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

# ਸੁਰੱਖਿਆ ਕਾਰਨਾਂ ਕਰਕੇ ਰਿਆਧ ਦੇ ਕਿੰਗ ਖਾਲਿਦ ਹਵਾਈ ਅੱਡੇ 'ਤੇ ਉਡਾਣਾਂ ਬੰਦ ਰੱਖਣ ਦਾ ਐਲਾਨ

## ਹਵਾਈ ਮਿਸ਼ਨਾਂ ਸਬੰਧੀ ਨੋਟਿਸ ਮੁਤਾਬਕ 17 ਅਕਤੂਬਰ ਰਾਤ 9 ਵਜੇ ਜੀਐੱਮਟੀ ਤੱਕ ਰਹੇਗੀ ਪਾਬੰਦੀ; ਹੂਤੀ ਬਾਗ਼ੀਆਂ ਦੇ ਹਮਲਿਆਂ ਮਗਰੋਂ ਸੁਰੱਖਿਆ ਚਿੰਤਾਵਾਂ ਵਧੀਆਂ




ਸਾਊਦੀ ਅਰਬ ਦੀ ਰਾਜਧਾਨੀ ਰਿਆਧ ਸਥਿਤ ਕਿੰਗ ਖਾਲਿਦ ਕੌਮਾਂਤਰੀ ਹਵਾਈ ਅੱਡੇ ਨੂੰ 17 ਅਕਤੂਬਰ ਤੱਕ ਬੰਦ ਰੱਖਣ ਸਬੰਧੀ ਜਾਣਕਾਰੀ ਸਾਹਮਣੇ ਆਈ ਹੈ। ਸੋਮਵਾਰ ਨੂੰ ਜਾਰੀ ਹਵਾਈ ਮਿਸ਼ਨਾਂ ਸਬੰਧੀ ਨੋਟਿਸ ਅਨੁਸਾਰ, ਹਵਾਈ ਅੱਡੇ 'ਤੇ ਪਾਬੰਦੀ 17 ਅਕਤੂਬਰ ਨੂੰ ਰਾਤ 9 ਵਜੇ ਜੀਐੱਮਟੀ ਤੱਕ ਲਾਗੂ ਰਹੇਗੀ। ਭਾਰਤੀ ਮਿਆਰੀ ਸਮੇਂ ਅਨੁਸਾਰ ਇਹ ਸਮਾਂ 18 ਅਕਤੂਬਰ ਨੂੰ ਤੜਕੇ 2.30 ਵਜੇ ਬਣਦਾ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ, ਇਰਾਨ-ਸਮਰਥਕ ਹੂਤੀ ਬਾਗ਼ੀਆਂ ਵੱਲੋਂ ਕੀਤੇ ਗਏ ਲੜੀਵਾਰ ਹਮਲਿਆਂ ਤੋਂ ਬਾਅਦ ਹਵਾਈ ਅੱਡੇ ਨੂੰ ਬੰਦ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। ਹਾਲਾਂਕਿ, ਜਾਰੀ ਕੀਤੇ ਗਏ ਨੋਟਿਸ ਵਿੱਚ ਹਵਾਈ ਅੱਡੇ ਨੂੰ ਬੰਦ ਰੱਖਣ ਦੇ ਖ਼ਾਸ ਕਾਰਨਾਂ ਅਤੇ ਇਸ ਫ਼ੈਸਲੇ ਨਾਲ ਜੁੜੀਆਂ ਸੁਰੱਖਿਆ ਸਥਿਤੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਨਹੀਂ ਦਿੱਤੀ ਗਈ।

ਰਿਆਧ ਦਾ ਕਿੰਗ ਖਾਲਿਦ ਕੌਮਾਂਤਰੀ ਹਵਾਈ ਅੱਡਾ ਸਾਊਦੀ ਅਰਬ ਦੇ ਪ੍ਰਮੁੱਖ ਹਵਾਈ ਆਵਾਜਾਈ ਕੇਂਦਰਾਂ ਵਿੱਚੋਂ ਇੱਕ ਹੈ। ਇੱਥੋਂ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਦੇ ਨਾਲ-ਨਾਲ ਵਿਦੇਸ਼ਾਂ ਲਈ ਵੀ ਉਡਾਣਾਂ ਚਲਾਈਆਂ ਜਾਂਦੀਆਂ ਹਨ। ਇਸ ਲਈ ਹਵਾਈ ਅੱਡੇ ਦੇ ਲੰਮੇ ਸਮੇਂ ਤੱਕ ਬੰਦ ਰਹਿਣ ਨਾਲ ਹਵਾਈ ਆਵਾਜਾਈ, ਯਾਤਰੀਆਂ ਦੇ ਸਫ਼ਰ ਅਤੇ ਹਵਾਈ ਕੰਪਨੀਆਂ ਦੇ ਉਡਾਣ ਕਾਰਜਕ੍ਰਮ 'ਤੇ ਅਸਰ ਪੈਣ ਦੀ ਸੰਭਾਵਨਾ ਹੈ।

ਹਵਾਈ ਅੱਡੇ 'ਤੇ ਲਾਗੂ ਕੀਤੀ ਗਈ ਪਾਬੰਦੀ ਕਾਰਨ ਯਾਤਰੀਆਂ ਨੂੰ ਆਪਣੀਆਂ ਉਡਾਣਾਂ ਦੇ ਸਮੇਂ ਅਤੇ ਉਨ੍ਹਾਂ ਦੀ ਸਥਿਤੀ ਬਾਰੇ ਸਬੰਧਤ ਹਵਾਈ ਕੰਪਨੀਆਂ ਤੋਂ ਜਾਣਕਾਰੀ ਲੈਣ ਦੀ ਲੋੜ ਪੈ ਸਕਦੀ ਹੈ। ਜੇਕਰ ਪਾਬੰਦੀ ਵਿੱਚ ਵਾਧਾ ਕੀਤਾ ਜਾਂਦਾ ਹੈ ਜਾਂ ਇਸ ਵਿੱਚ ਕੋਈ ਤਬਦੀਲੀ ਹੁੰਦੀ ਹੈ, ਤਾਂ ਇਸ ਦਾ ਅਸਰ ਆਉਣ ਵਾਲੀਆਂ ਉਡਾਣਾਂ ਦੇ ਸੰਚਾਲਨ 'ਤੇ ਵੀ ਪੈ ਸਕਦਾ ਹੈ।

ਹਵਾਈ ਮਿਸ਼ਨਾਂ ਸਬੰਧੀ ਨੋਟਿਸ ਹਵਾਈ ਆਵਾਜਾਈ ਨਾਲ ਜੁੜੀਆਂ ਮਹੱਤਵਪੂਰਨ ਪਾਬੰਦੀਆਂ, ਸੁਰੱਖਿਆ ਨਿਰਦੇਸ਼ਾਂ ਅਤੇ ਸੰਚਾਲਨ ਸਬੰਧੀ ਤਬਦੀਲੀਆਂ ਬਾਰੇ ਪਾਇਲਟਾਂ, ਹਵਾਈ ਕੰਪਨੀਆਂ ਅਤੇ ਹੋਰ ਸਬੰਧਤ ਧਿਰਾਂ ਨੂੰ ਜਾਣੂ ਕਰਵਾਉਣ ਲਈ ਜਾਰੀ ਕੀਤਾ ਜਾਂਦਾ ਹੈ। ਅਜਿਹੇ ਨੋਟਿਸਾਂ ਰਾਹੀਂ ਹਵਾਈ ਅੱਡਿਆਂ ਦੀ ਵਰਤੋਂ ਅਤੇ ਉਡਾਣਾਂ ਦੇ ਸੰਚਾਲਨ ਨਾਲ ਸਬੰਧਤ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ।

ਫਿਲਹਾਲ ਹਵਾਈ ਅੱਡੇ ਨੂੰ ਮੁੜ ਖੋਲ੍ਹਣ ਦੇ ਸਮੇਂ ਜਾਂ ਪਾਬੰਦੀ ਵਿੱਚ ਕਿਸੇ ਸੰਭਾਵਿਤ ਤਬਦੀਲੀ ਬਾਰੇ ਹੋਰ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਯਾਤਰੀਆਂ ਅਤੇ ਹਵਾਈ ਕੰਪਨੀਆਂ ਦੀ ਨਜ਼ਰ ਹੁਣ ਇਸ ਗੱਲ 'ਤੇ ਰਹੇਗੀ ਕਿ ਹਵਾਈ ਅੱਡੇ ਦਾ ਸੰਚਾਲਨ ਕਦੋਂ ਮੁੜ ਸ਼ੁਰੂ ਹੁੰਦਾ ਹੈ ਅਤੇ ਉਡਾਣਾਂ ਦੇ ਕਾਰਜਕ੍ਰਮ ਵਿੱਚ ਕੀ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ।




